ਵਤਨੋਂ ਦੂਰ

# ਗੁਰੂ ਤੇ ਸਿੱਖ

ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ ਮਹਾਂ ਸਾਗਰ, ਆਇਆ ਗੁਰੂ ਪੰਜਾਬ ਤੇ।
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ ਮਹਾਂ ਸਾਗਰ, ਆਇਆ ਗੁਰੂ ਪੰਜਾਬ।
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ ਮਹਾਂ ਸਾਗਰ, ਆਇਆ ਗੁਰੂ।
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ ਮਹਾਂ ਸਾਗਰ, ਆਇਆ?
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ ਮਹਾਂ ਸਾਗਰ?
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ ਮਹਾਂ?
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ ਬੁਧਿ?
ਘੋੜਾ ਨੀਲਾ ਨਚਦਾ ਹੇਠਾਂ, ਮਸਤਕ ਅੰਦਰ?
ਘੋੜਾ ਨੀਲਾ ਨਚਦਾ ਹੇਠਾਂ, ਮਸਤਕ?
ਘੋੜਾ ਨੀਲਾ ਨਚਦਾ ਹੇਠਾਂ।
ਘੋੜਾ ਨੀਲਾ ਨਚਦਾ।
ਘੋੜਾ ਨੀਲਾ।
ਘੋੜਾ?

– ਅਜਮੇਰ ਰੋਡੇ

ਅਪਰੈਲ 1977; 50 ਸੈਂਟ, ਫੋਨ 438-7793, 437-9014 ਸੰਪਾਦਕ ਸੁਰਿੰਦਰ ਧੰਜਲ

NEW ADDRESS: WATNO DUR, 14768 HALSTEAD PLACE, SURREY, B.C. V3R 6S5

GREAT SHOW OF WEDDING SAREES

# FRONTIER CLOTH HOUSE

*(Wholesalers, Retailers and Importers)*

*6672 MAIN STREET*
*VANCOUVER, B.C.*

Bus.: 325-4424
Res.: 324-5156

***We Have Quality As Well As Quantity!***

**SPECIALISTS IN:**
**India Suits, Sarees, Lehngas, Capes, Hars, and other Indian Goods.**

**Japanese printed and plain sarees and suits, British cardigans, shirts, ladies' suits and children's clothes.**

**HEAD OFFICE: NEW FRONTIER CLOTH HOUSE**
**PHAGWARA (PANJAB)**
**INDIA**

**Phone 2375**

Manager Vancouver Branch
SUSHIL BATRA

Phone: 325-4424

---

## ਸਰਾਂ ਐਂਟਰਪਰਾਈਜ਼ਜ਼ ਲਿਮਿਟਡ

# SURAN ENTERPRISES LTD.

## IMPORTERS—RETAILERS

**33765 Essendene Ave.**

**Abbotsford, B.C.**

PROP.: JOGINDER SINGH SURAN    BUS. 853-4971    Res.: 434-5933
ਮਾਲਕ: ਜੋਗਿੰਦਰ ਸਿੰਘ ਸਰਾਂ

***WE CARRY THE FOLLOWING***

- **HAND BAGS**
- **LEATHER GOODS**
- **LUGGUGE, SILVER AND BRASS ARTWARE**
- **WOOD HANDICRAFT**
- **EAST INDIAN GROCERIES**

&
EVERY TYPE OF FURNITURE



ਸਾਡੇ ਪਾਸੋਂ ਇਹ ਵਸਤਾਂ ਮਿਲਦੀਆਂ ਹਨ

ਹੈਂਡ ਬੈਗਜ਼
ਚਮੜੇ ਦੀਆਂ ਵਸਤਾਂ
ਚਾਂਦੀ ਤੇ ਪਿੱਤਲ ਦੀਆਂ
ਕਲਾ-ਕਿਰਤਾਂ
ਲੱਕੜ ਦੀਆਂ ਕਿਰਤਾਂ

ਭਾਰਤੀ ਗਰੋਸਰੀ
ਅਤੇ
ਹਰ ਤਰ੍ਹਾਂ ਦਾ ਫਰਨੀਚਰ



# Regina Furniture

## 2707 Main St. Vancouver, B.C.

## Phone 879-8319

**Opens Sunday also Noon to 5 p.m.**



Sofa and two chairs (high back and low back) and ottoman – **SALE 399.00**



3 pc. set as shown
**SALE PRICE 99.50**

---

## autoplan

## KINGSGATE INSURANCE AGENCIES

**104 KINGSGATE MALL**
**370 EAST BROADWAY VANCOUVER, B.C. V5T 4G5**



RIASAT ALI KHAN

- ★ Auto Insurance & License
- ★ Fire, Theft & Liability
- ★ Life, Accident & Sickness
- ★ Annuities & Pension Plans
- ★ Registered Retirement Savings Plans



SARAJ KHAN

**FOR ALL YOUR INSURANCE NEEDS — KINGSGATE INSURANCE AGENCIES**

# Bus. Tel. 872-7827 or 874-2125

***OFFICE HOURS:* Monday to Wednesday and Saturday 9 a.m. - 8 p.m.**
**Thursday - Friday 9 a.m. - 9 p.m.**

*for* DOMINION AUTOMOBILE ASSOCIATION DAA

**MEMBERSHIP**

**CONTACT**

**PHONE**
**Off: 872-7827**
**Res.: 324-2493**



DALJIT SIDHU

ਇਨਸ਼ੋਅਰੈਂਸ ਕਰਵਾਉਣ
ਲਈ ਤੁਹਾਡੇ ਸਹਾਇਕ:

ਰਿਆਸਤ ਅਲੀ ਖ਼ਾਨ
ਸਰਾਜ ਖ਼ਾਨ
ਦਲਜੀਤ ਸਿੱਧੂ

# WATNO DUR

14768 Halstead Pl.

Surrey, B.C. V3R 6S5

438-7793
437-9014



**FOUNDER PUBLISHER:**
Tara Singh Hayer (584-3714)

**EDITOR:**
Surinder Dhanjal (438-7793)

**ASSISTANT EDITOR:**
Sadhu (437-9014)

ਸਲਾਹਕਾਰ:
ਕੇਸਰ ਸਿੰਘ ਨਾਵਲਿਸਟ ਐਡਮੰਟਨ 932-5262
ਨਵਤੇਜ ਭਾਰਤੀ ਲੰਡਨ, ਓਨਟਾਰੀਓ 433-7464

ਸਹਿਯੋਗੀ:
ਅਜਮੇਰ ਰੋਡੇ ਵੈਨਕੂਵਰ 438-7793
ਇਕਬਾਲ ਰਾਮੂਵਾਲੀਆ ਟੋਰਾਂਟੋ 741-7538
ਲਾਟ ਭਿੰਡਰ ਐਡਮੰਟਨ 478-8436
ਸਰਵਣ ਬੋਲ ਬਰਨਬੀ 434-6498
ਦਲਜੀਤ ਤੂਰ ਵੈਨਕੂਵਰ 438-5660
ਕਰਮਜੀਤ ਧੁਆਣ ਵੈਨਕੂਵਰ 324-0147
ਗੁਰਚਰਨ ਟੱਲੇਵਾਲੀਆ ਰਿਚਮੰਡ 271-4742
ਕਸ਼ਮੀਰਾ ਸਿੰਘ ਚਮਨ ਕੈਲਗਰੀ 262-8307
ਅਮਰਜੀਤ ਚਾਹਲ ਸੁਕਾਮਿਸ਼ 892-3085
ਅਵਤਾਰ ਸਿੰਘ ਰੋਡੇ ਕੁਨੈਲ 992-7578
ਰਾਮ ਸਰੂਪ ਜਾਖੂ ਮੌਂਟਰੀਅਲ 679-8132
ਹਰਨੇਕ ਮਾਨ ਪ੍ਰਿੰਸ ਜੌਰਜ 564-6245
ਗੁਰਮੇਲ ਸਿੰਘ ਬੈਂਸ ਵਿਲੀਅਮਜ਼ਲੇਕ 392-3698
ਜੋਗਿੰਦਰ ਔਲਖ ਮਿਸ਼ਨ 826-4888
ਜਸਬੀਰ ਚਾਹਲ ਵਿਕਟੋਰੀਆ 385-4966
ਰਾਜ ਸਿੰਘ ਮਾਨ ਵਿੰਨੀਪੈੱਗ 775-6876
ਬਲਬੀਰ ਧਾਲੀਵਾਲ ਬਰਨਬੀ 433-3487



VOLUME 5 S:No. 46
APRIL, '77
2nd Class Mail Reg. No. 3233


## ਐਡੀਟੋਰੀਅਲ

* ਅੱਜ 26 ਜੂਨ 1975 ਵਾਲੇ ਹਾਕਮ ਭਾਵੇਂ ਨਹੀਂ ਹਨ; 'ਸਮਾਜਵਾਦ ਲਿਆਓ', 'ਗਰੀਬੀ ਹਟਾਓ' ਤੇ 'ਪੈਦਾਵਾਰ ਵਧਾਓ' ਵਰਗੇ ਨਾਅਰੇ ਵੀ ਨਹੀਂ ਹਨ ਅਤੇ ਉਨ੍ਹਾਂ ਦਾ ਐਲਾਨਿਆ 'ਸੰਕਟ-ਕਾਲ' ਵੀ ਭਾਵੇਂ ਨਹੀਂ ਹੈ; ਪਰ ਭਾਰਤ ਦੇ ਸਾਰੇ ਦੇ ਸਾਰੇ ਸੰਕਟ ਉਵੇਂ ਹੀ ਹਨ। ਨਵੇਂ ਹਾਕਮਾਂ ਦੇ 'ਪੁਰਾਣੇ' ਤੇ 'ਅਸਲੀ ਚਿਹਰੇ' ਵੀ ਕਿਸੇ ਤੋਂ ਗੁੱਝੇ ਨਹੀਂ ਹਨ। ਅਸੀਂ ਅਗਸਤ 1975 ਵਿਚ 'ਸੰਕਟ-ਕਾਲ' ਬਾਰੇ ਲਿਖੇ 'ਵਤਨੋਂ ਦੂਰ ਐਡੀਟੋਰੀਅਲ' ਵਿੱਚ ਪੇਸ਼ ਕੀਤਾ ਆਪਣਾ ਦ੍ਰਿੜ ਸੰਕਲਪ ਫਿਰ ਪਾਠਕਾਂ ਨਾਲ ਸਾਂਝਾ ਕਰਦੇ ਹਾਂ ਕਿ ਹਰ ਪੱਧਰ ਤੇ ਹਰ ਤਰ੍ਹਾਂ ਦੇ ਜ਼ੁਲਮ ਵਿਰੁੱਧ ਜਥੇਬੰਦ ਸੰਘਰਸ਼ ਦਾ ਝੰਡਾ ਬੁਲੰਦ ਕਰਦੇ ਹੋਏ ਭਾਰਤੀਆਂ ਨੂੰ ਆਪਣੀ ਉਸ ਅੰਤਿਮ ਮੰਜ਼ਿਲ ਵੱਲ ਵਧਣਾ ਚਾਹੀਦਾ ਹੈ ਜਿਸ ਬਾਰੇ ਹਰਮਨ ਪਿਆਰੇ ਸ਼ਹੀਦ ਭਗਤ ਸਿੰਘ ਨੇ ਕਿਹਾ ਸੀ: "ਕਰੋੜਾਂ ਮਿਹਨਤਕਸ਼ਾਂ ਦੀ ਖ਼ੁਸ਼ਹਾਲੀ ਲਈ ਇਸ ਲੋਟੂ ਨਿਜ਼ਾਮ ਦੀ ਥਾਂ ਸਮਾਜਵਾਦੀ ਅਸੂਲਾਂ ਤੇ ਆਧਾਰਤ ਇਕ ਨਵਾਂ ਸਮਾਜਿਕ ਢਾਂਚਾ ਕਾਇਮ ਕਰਨਾ, ਜਿਸ ਵਿਚ ਆਦਮੀ ਹੱਥੋਂ ਆਦਮੀ ਦੀ ਲੁੱਟ ਅਸੰਭਵ ਬਣੀ ਰਹੇ।"

* 13 ਅਪ੍ਰੈਲ ਸਾਨੂੰ ਮਹਾਨ ਗੁਰੂ ਗੋਬਿੰਦ ਸਿੰਘ ਦੀ ਯਾਦ ਦਿਵਾਉਂਦਾ ਹੈ ਜਿਸਦੀ ਜ਼ੁਲਮ ਵਿਰੁੱਧ 'ਸਵੈ ਰੱਖਿਆ' ਅਤੇ 'ਹਥਿਆਰਬੰਦ ਸੰਗਰਾਮ' ਦਾ ਝੰਡਾ ਬੁਲੰਦ ਕਰਨ ਵਾਲੀ ਚੰਡੀ ਨੇ ਅਣਖ ਅਤੇ ਬੀਰਤਾ ਦਾ ਨਵਾਂ ਸੰਕਲਪ ਪੇਸ਼ ਕੀਤਾ ਸੀ। ਇਸ ਸੰਗਰਾਮ ਵਿਚੋਂ ਪਰਤੱਖ ਉਭਰਦੇ — ਬਹਾਦਰ ਜਰਨੈਲ, ਦੇਸ਼-ਭਗਤ ਅਤੇ ਜਥੇਬੰਦਕ — ਵਰਗੇ ਉਨ੍ਹਾਂ ਦੇ ਗੁਣਾਂ ਦੀ ਗੱਲ ਕਰਦਿਆਂ ਅਕਸਰ ਅਸੀਂ ਉਨ੍ਹਾਂ ਦੇ ਸਾਹਿੱਤਕ, ਦਾਰਸ਼ਨਿਕ ਅਤੇ ਬੌਧਿਕ ਪੱਖ ਨੂੰ ਅੱਖੋਂ ਪਰੋਖੇ ਕਰ ਦਿੰਦੇ ਹਾਂ ਜਿਸ ਵਿੱਚੋਂ 'ਚੰਡੀ ਦੀ ਵਾਰ' ਵਰਗੀਆਂ ਅਮਰ ਰਚਨਾਵਾਂ ਨੇ ਜਨਮ ਲਿਆ ਸੀ। ਅੱਜ ਗੁਰੂ ਦੇ 'ਬੁਧ ਮਹਾਂ ਸਾਗਰ ਮਸਤਕ' ਨੂੰ ਸੌੜੇ ਧਾਰਮਿਕ ਚੌਖਟਿਆਂ 'ਚੋਂ ਬਾਹਰ ਕੱਢਕੇ ਉਨ੍ਹਾਂ ਦੀ 'ਕਲਮ' ਅਤੇ 'ਤਲਵਾਰ' ਦੋਹਾਂ ਤੋਂ ਪਰੇਰਨਾ ਲੈਣ ਦੀ ਲੋੜ ਹੈ।

— ਸੁਰਿੰਦਰ ਧੰਜਲ

ਮਾਤਾ ਇਰਸਾ:

# ਪੰਥ ਅਤੇ ਪ੍ਰਾਣ ਧਨ

ਖੋਲ੍ਹੋ ਅਖੀਆਂ ਤੁਸੀਂ ਕਿਉਂ ਚੁੱਪ ਬੈਠੇ । ਭਾਰਤ ਵਰਸ਼ ਦੀ ਹੋਏ ਕੇ ਉਲਾਦ ਸਿੰਘੋ ॥
ਕੇਹੜੀ ਗੱਲ ਖਾਤ੍ਰ ਪੰਥ ਸਾਜਿਆ ਸੀ । ਕਰੋ ਸਤਗੁਰਾਂ ਦੇ ਬਚਨ ਯਾਦ ਸਿੰਘੋ ॥
ਕਿਵੇਂ ਸਤਗੁਰਾਂ ਪੰਥ ਦੀ ਬੀੜ ਬੰਨੀ । ਦਿਤੇ ਲਾਲ ਚਾਰੇ ਬੁਨੀਯਾਦ ਸਿੰਘੋ ॥
ਜ਼ੁਲਮ ਡਕਣੇ ਨੂੰ ਗੁਰਾਂ ਸਾਜਿਆ ਸੀ । ਕੀਤੇ ਹੋਰ ਦੇ ਹੋਰ ਇਰਾਦ ਸਿੰਘੋ ॥
ਪਏ ਮੌਤ ਦੀ ਖੌਫ ਤੋਂ ਕੰਬਦੇ ਹੋ । ਤੁਸਾਂ ਨਹੀਂ ਸ਼ਹੀਦੀਆਂ ਯਾਦ ਸਿੰਘੋ ॥
ਪਏ ਚਾਰ ਦੁਫੇਰਿਓਂ ਪੈਣ ਧਕੇ । ਘਰ ਵਿਚੋਂ ਨਹੀਂ ਮਿਲਦੀ ਕੋ ਵਲਦਾਦ ਸਿੰਘੋ
ਸਾਰਾ ਜਗ ਸਾਨੂੰ ਮੇਹਣੇ ਮਾਰਦਾ ਹੈ । ਕਰੋ ਹਿੰਦ ਨੂੰ ਝਬ ਆਜ਼ਾਦ ਸਿੰਘੋ ॥
ਵੇਖੋ ਵੰਗ ਸਤਦਰੇ ਨਾਂ ਭੁੱਲ ਜਾਣਾਂ । ਖੂਬ ਰਖਣਾਂ ਵਕਤ ਨੂੰ ਯਾਦ ਸਿੰਘੋ ॥
ਉਠੋ ਜਲਦ ਕਲੰਕੀ ਦਾ ਦਾਗ਼ ਧੋਈਏ । ਵਕ ਗੁਰੂ ਦੇ ਜੇ ਤੁਸਾਂ ਯਾਦ ਸਿੰਘੋ ॥
ਮਿਲਕੇ ਨਾਲ ਮਰਹੱਟੇ ਬੰਗਾਲੀਆਂ ਦੇ । ਮੁਸਲਮਾਨ ਹਿੰਦੂ ਹੋਈਏ ਸ਼ਾਦ ਸਿੰਘੋ ॥
ਆਓ ਸਿੱਖ ਭਾਈਓ ਸਚੇ ਸਿੰਘ ਬਣੀਏਂ । ਕਾਹਨੂੰ ਭੁੱਲ ਬੈਠੇ ਰਸਮ ਆਦ ਸਿੰਘੋ ॥
ਜਲਦੀ ਕੁਦ ਮੈਦਾਨ ਦੇ ਵਿਚ ਪਈਏ । ਕਰਕੇ ਕਾਰਨਾਮੇ ਪਿਛਲੇ ਯਾਦ ਸਿੰਘੋ ॥
ਕੇਵਲ ਲੋੜ ਹੈ ਤੁਸਾਂ ਬਹਾਦਰਾਂ ਦੀ । ਭਾਰਤ ਮਾਤ ਦੀ ਸੁਣੇਂ ਫਰਯਾਦ ਸਿੰਘੋ ॥
ਉਠੋ ਖਾਲਸਾ ਜੀ ਹੱਲਾ ਬੋਲ ਦੇਈਏ । ਕਰੀਏ ਗੋਰਿਆਂ ਨੂੰ ਬਰਬਾਦ ਸਿੰਘੋ ॥
ਕੇਹੜੇ ਕੰਮ ਭਲਾ ਸਾਡੇ ਜਿਸਮ ਐਹੇ । ਵਧੱਕੇ ਗਏ ਹੋ ਸਰੂ ਸ਼ਮਸ਼ਾਦ ਸਿੰਘੋ ॥
ਪਏ ਚਮਕ ਸ਼ਮਸ਼ੇਰ ਦੀ ਜਗ ਅੰਦਰ । ਭਾਰਤ ਵਰਸ਼ ਨੂੰ ਕਰੋ ਆਜ਼ਾਦ ਸਿੰਘੋ ॥
ਮਿਲੋ ਸਿਖ ਹਿੰਦੂ ਮੁਸਲਮਾਨ ਸਾਰੇ । ਦੇਈਏ ਕਢ ਫਰੰਗੀ ਜਲਾਦ ਸਿੰਘੋ ॥
ਐਸਾ ਨਾਲ ਸਮਸ਼ੇਰ ਜਵਾਬ ਦੇਈਏ । ਕੂਲਾਂ ਤੀਕ ਕਰਸਨ ਪਏ ਯਾਦ ਸਿੰਘੋ ॥
ਲਖਾਂ ਮਿਲਨ ਮੁਬਾਰਕਾਂ ਜਗ ਅੰਦਰ । ਬੱਤੀ ਕੋਟ ਕਰਸੀ ਧੰਨਵਾਦ ਸਿੰਘੋ ॥

('ਗ਼ਦਰ ਦੀ ਗੂੰਜ' ਵਿੱਚੋਂ)

# ਮੈਂ ਹਨੂੰਮਾਨ ਬਣੂੰਗਾ

ਗੁਰਮੇਲ ਮਡਾੜ੍ਹ

ਦੇਵ ਰਾਜ ਸ਼ਰਮੇ ਦੇ ਮੁੰਡੇ ਹਨੂੰਮਾਨ ਪ੍ਰਸ਼ਾਦ ਦੀ ਚਰਚਾ ਸਾਰੀ ਰਾਮ ਲੀਲਾ ਮੰਡਲੀ ਵਿਚ ਹੋ ਰਹੀ ਸੀ ਤੇ ਉਹ ਹਨੂੰਮਾਨ ਦੀ ਵਰਦੀ ਵਿਚ ਤਿਆਰ ਹੋਇਆ ਬੈਠਾ ਸੋਚ ਰਿਹਾ ਸੀ, "ਕੀ ਮੈਂ ਵਾਕਿਈ ਹਨੂੰਮਾਨ ਬਣ ਗਿਆਂ ?" ਉਸ ਨੇ ਦੇਖਿਆ ਜੋ ਵੀ ਆਉਂਦਾ, ਉਸ ਦੇ ਪੈਰੀਂ ਹੱਥ ਲਾਉਂਦਾ। ਮੱਥਾ ਟੇਕਦਾ। ਚਲਿਆ ਜਾਂਦਾ। ਉਹ ਚੁੱਪ-ਚਾਪ ਆਪਣਾ ਸੱਜਾ ਹੱਥ ਖੜਾ ਕਰਕੇ ਮੱਥਾ ਟੇਕਣ ਵਾਲੇ ਨੂੰ ਅਸ਼ੀਰਵਾਦ ਦੇ ਦਿੰਦਾ।

ਸਾਹਮਣੇ ਮੰਚ ਤਿਆਰ ਹੋ ਰਿਹਾ ਸੀ। ਰਾਵਣ ਦੇ ਦਰਬਾਰ ਵਿਚ ਉਸ ਨੂੰ ਪੇਸ਼ ਕਰਨ ਦਾ ਦ੍ਰਿਸ਼ ਦਿਖਾਇਆ ਜਾਣਾ ਸੀ। ਨਿਰਦੇਸ਼ਕ ਉਸ ਨੂੰ ਆ ਕੇ ਮੁੜ ਮੁੜ ਹਦਾਇਤ ਕਰ ਰਿਹਾ ਸੀ ਕਿ ਰਾਵਣ ਦੇ ਦਰਬਾਰ ਵਿਚ ਕਿਸ ਤਰ੍ਹਾਂ ਧੌਣ ਅਕੜਾ ਕੇ, ਛਾਤੀ ਫੁਲਾਕੇ, ਅੱਖਾਂ ਵਿਚ ਸਾਰੇ ਜਹਾਨ ਦਾ ਜੋਸ਼ ਭਰ ਕੇ, ਹਾਥੀ ਦੀ ਤਰ੍ਹਾਂ ਝੂਲ ਝੂਲ ਕੇ ਤੁਰਦੇ ਹੋਏ ਪ੍ਰਵੇਸ਼ ਕਰਨਾ ਹੈ। ਰਾਵਣ ਨਾਲ ਗੱਲਬਾਤ ਕਰਦੇ ਸਮੇਂ ਕਿਸ ਕਿਸ ਸ਼ਬਦ ਤੇ ਜ਼ੋਰ ਦੇਣਾ ਹੈ। ਲੰਕਾ ਨੂੰ ਕਿਸ ਤਰ੍ਹਾਂ ਅੱਗ ਲਾਉਣੀ ਹੈ ਤੇ ਕਿਵੇਂ ਪੂਛ ਨੂੰ ਵਾਰ ਵਾਰ ਹਿਲਾਉਣਾ ਹੈ ਤਾਂ ਕਿ ਦਰਸ਼ਕ ਹੈਰਾਨ ਵੀ ਹੋ ਜਾਣ ਤੇ ਖ਼ੁਸ਼ ਵੀ। 'ਸੀਤਾ ਪਤੀ ਰਾਮ ਚੰਦਰ ਦੀ ਜੈ' ਦਾ ਜੈਕਾਰਾ ਕਿਸ ਵਕਤ ਲਾਉਣਾ ਹੈ। ਉਹ ਨਿਰਦੇਸ਼ਕ ਦੀਆਂ ਹਦਾਇਤਾਂ ਦਾ ਉਤਰ ਸਿਰਫ਼ ਸਿਰ ਹਿਲਾ ਹਿਲਾ ਕੇ ਦੇ ਰਿਹਾ ਸੀ ਕਿਉਂਕਿ ਉਸ ਦੇ ਅੰਦਰ "ਕੀ ਮੈਂ ਵਾਕਿਈ ਹਨੂੰਮਾਨ ਬਣ ਗਿਆਂ ?" ਦਾ ਸਵਾਲ ਵਰਮੇਂ ਦੀ ਤਰ੍ਹਾਂ ਛੇਕ ਕਰਦਾ ਜਾ ਰਿਹਾ ਸੀ। ਉਸ ਕੋਲ ਬੋਲਣ ਦੀ ਵਿਹਲ ਹੀ ਕਿਥੇ ਸੀ ?

ਉਹ ਕੁਰਸੀ ਤੋਂ ਉਠਿਆ। ਮੇਕੱਪ ਮੈਨ ਕੋਲ ਜਾ ਕੇ ਸ਼ੀਸ਼ਾ ਦੇਖਿਆ। ਸਾਖਸ਼ਾਤ ਹਨੂੰਮਾਨ ਦਾ ਚਿਹਰਾ ਲਗਦਾ ਸੀ ਉਸ ਦਾ ਚਿਹਰਾ। ਉਸ ਦੇ ਅੰਦਰ ਖ਼ੁਸ਼ੀ ਦੀ ਲਹਿਰ ਦੌੜ ਗਈ। ਪਰ ਫੇਰ "ਕੀ ਮੈਂ ਵਾਕਿਆ ਹਨੂੰਮਾਨ ਬਣ ਗਿਆਂ ?" ਦੇ ਸਵਾਲ ਦੀ ਕਟਾਰ ਉਸ ਦੇ ਦਿਲ ਦੇ ਅਗਲੇ ਸਿਰੇ ਤਕ ਖੁਭ ਗਈ। ਉਹ ਦਰਦ ਨਾਲ ਕੁਰਲਾ ਉਠਿਆ। ਉਸ ਨੂੰ ਯਾਦ ਆਇਆ ਉਹਦਾ ਇਕ ਸੌਲਾ ਬਣਿਆ ਘੁਰ ਹੈ, ਜਿਸ ਦੇ ਦੁਆਲੇ ਕੋਠੀਆਂ ਹੀ ਕੋਠੀਆਂ ਬਣ ਜਾਣ ਕਰਕੇ ਸੂਰਜ ਦੀ ਇਕ ਕਿਰਨ ਤਕ ਵੀ ਕਦੇ ਦਿਖਾਈ ਨਹੀਂ ਸੀ ਦਿੰਦੀ। ਜਿਸ ਕਰਕੇ ਘਰ ਵਿਚ ਸੇਗਲ ਹੀ ਸੇਗਲ ਹੋ ਗਈ ਸੀ। ਮੰਜੀਆਂ ਦੀਆਂ ਚੂਲਾਂ ਵਿਚ ਖਟਮਲਾਂ ਨੇ ਆਪਣੇ ਘੁਰਨੇ ਬਣਾ ਲਏ ਸਨ। ਮੱਖੀਆਂ ਤੇ ਮੱਛਰਾਂ ਨੇ ਵੀ ਆਪਣੀ ਰੌਣਕ ਲਾ ਰਖੀ ਸੀ। ਉਸ ਦਾ ਬਾਪ ਜੋ ਸੈਂਠ ਬਾਹਠ ਦੀ ਲੜਾਈ ਵਿਚ ਆਪਣੀਆਂ ਦੋਵੇਂ ਲਤਾਂ ਗਵਾ ਚੁਕਿਆ ਸੀ ਘਰ ਦੀ ਸੰਭਾਲ ਤਾਂ ਕੀ ਆਪਣੀ ਸੰਭਾਲ ਵੀ ਨਹੀਂ ਸੀ ਕਰ ਸਕਦਾ। ਘਰ ਦਾ ਖ਼ਰਚ ਚਲਾਉਣ ਲਈ ਉਹਦੀ ਮਾਂ ਨੂੰ ਵਿਆਹ ਸ਼ਾਦੀਆਂ ਕਮਾਉਣੀਆਂ ਪੈਂਦੀਆਂ ਸਨ। ਪੈਨਸ਼ਨ ਨਾਲ ਤਾਂ ਕੁਝ ਵੀ ਨਹੀਂ ਸੀ ਬਣਦਾ।

ਉਸ ਵਕਤ ਉਸ ਦੀ ਉਮਰ ਸੱਤ ਅੱਠ ਸਾਲ ਦੀ ਸੀ। ਉਸ ਦਾ ਬਾਪ ਰਾਤ ਨੂੰ ਹਰ ਰੋਜ਼ ਬਾਤਾਂ ਪਾਉਂਦਾ ਹੁੰਦਾ ਸੀ। ਰਮਾਇਣ ਦੀ ਕਥਾ ਤਾਂ ਉਸ ਨੂੰ ਤਕਰੀਬਨ ਦੂਜੇ ਤੀਜੇ ਦਿਨ ਸੁਣਾ ਹੀ ਦਿੰਦਾ ਸੀ।

ਇਕ ਦਿਨ ਉਸ ਨੇ ਆਪਣੇ ਬਾਪ ਤੋਂ ਪੁਛਿਆ, "ਪਿਤਾ ਜੀ ਆਪਣੇ ਘਰ ਧੁੱਪ ਕਿਉਂ ਨਹੀਂ ਆਉਂਦੀ ?"

ਉਸ ਦਾ ਬਾਪ ਉਸ ਦਾ ਸਵਾਲ ਸੁਣ ਕੇ ਹੈਰਾਨ ਹੀ ਰਹਿ ਗਿਆ। ਇਨੀ ਨਿੱਕੀ ਉਮਰ ਵਿਚ ਅਜਿਹਾ ਸਵਾਲ — ਉਸ ਸੋਚਿਆ ਤੇ ਬੜੇ ਲਾਡ ਨਾਲ ਉਸ ਨੂੰ ਸਮਝਾਇਆ ਕਿਉਂਕਿ ਬੇਟੇ ਆਪਣੇ ਅਤੇ ਸੂਰਜ ਵਿਚਕਾਰ ਕੋਠੀਆਂ ਜੋ ਖੜੀਆਂ ਹਨ।"

"ਕਿਵੇਂ ਧੁਪ ਆ ਨਹੀਂ ਸਕਦੀ ?"

"ਆ ਸਕਦੀ ਹੈ"... ਕਿਵੇਂ ?

"ਜੇ ਸੂਰਜ ਉੱਤਰ ਜਾਂ ਦੱਖਣ ਵਿਚੋਂ ਚੜ੍ਹਨ ਲਗ ਪਵੇ।"

"ਫੇਰ ਇਹ ਕੰਮ ਮੈਂ ਕਰਾਂਗਾ"...... "ਉਹ ਕਿਵੇਂ ?"

"ਮੈਂ ਹਨੂੰਮਾਨ ਬਣੂੰਗਾ।"

ਉਸ ਦੀ ਗੱਲ ਸੁਣ ਕੇ ਉਸ ਦਾ ਅਪਾਹਜ ਬਾਪ ਬਹੁਤ ਖ਼ੁਸ਼ ਹੋਇਆ ਸੀ। ਉਸ ਦੀ ਛਾਤੀ ਮਾਣ ਨਾਲ ਦੋ ਇੰਚ ਫੁਲ ਗਈ ਸੀ। ਉਸ ਨੇ ਉਸ ਨੂੰ ਘੁਟ ਕੇ ਜੱਫੀ ਵਿਚ ਲੈਂਦਿਆਂ ਕਿਹਾ ਸੀ, "ਕਾਸ਼ ਤੂੰ ਹਨੂੰਮਾਨ ਬਣ ਜਾਵੇਂ" ਤੇ ਫੇਰ ਉਹ ਉਸ ਨੂੰ ਉਸ ਦਿਨ ਤੋਂ ਪ੍ਰਸ਼ੋਤਮ ਦਾਸ ਦੀ ਥਾਂ ਤੇ ਹਨੂੰਮਾਨ ਪ੍ਰਸ਼ਾਦ ਕਹਿਣ ਲੱਗ ਪਿਆ ਸੀ।

ਇਹ ਗੱਲ ਹਨੂੰਮਾਨ ਪ੍ਰਸ਼ਾਦ ਨੇ ਓਦੋਂ ਵੀ ਕਹੀ ਸੀ ਜਦ ਉਸ ਦਾ ਬਾਪ ਸੁਰਗਵਾਸ ਹੋ ਗਿਆ ਸੀ। ਉਸ ਦੇ ਘਰ ਕਈ ਦਿਨ ਚੁੱਲ੍ਹਾ ਨਹੀਂ ਸੀ ਬਲਿਆ। ਉਸ ਦੀ ਮਾਂ ਤਾਂ ਸਿਰ ਦਾ ਸਾਂਈ ਉਠ ਜਾਣ ਕਰਕੇ ਸਾਰਾ ਸਾਰਾ ਦਿਨ ਰੋਂਦੀ ਰਹਿੰਦੀ ਸੀ। ਉਹ ਭੁਖੇ ਭਾਣੇ ਇਧਰ ਉਧਰ ਫਿਰਦੇ ਰਹਿੰਦੇ ਸਨ। ਉਹਨਾਂ ਨੂੰ ਇਸ ਹਾਲ ਵਿਚ ਫਿਰਦਿਆਂ ਦੇਖ ਕੇ ਉਸ ਦੀ ਮਾਂ ਦੇ ਦਿਲ ਤੇ ਆਪਣੇ ਪਤੀ ਦੇ ਗ਼ਮ ਦੇ ਨਾਲ ਨਾਲ ਇਕ ਹੋਰ ਗ਼ਮ ਲਗ ਗਿਆ ਸੀ। ਉਹਨਾਂ ਦਾ ਢਿੱਡ ਭਰਨ ਦਾ ਭਾਵੇਂ ਉਸ ਨੂੰ ਪਤਾ ਸੀ ਕਿ ਆਮਦਨ ਉਹੀ ਸੀ ਖ਼ਰਚ ਉਹੀ ਸੀ ਪਰ ਉਸ ਦਾ ਤਾਂ ਸੂਰਜ ਡੁਬ

ਗਿਆ ਸੀ, ਜਿਸ ਦੇ ਬਗ਼ੈਰ ਉਸ ਨੂੰ ਜ਼ਿੰਦਗੀ ਮੱਸਿਆ ਦੀ ਰਾਤ ਬਣ ਗਈ ਲਗਦੀ ਸੀ। ਫੇਰ ਜਦ ਉਹ ਰੋਟੀ ਬਨਾਉਣ ਲਗੀ ਸੀ ਤਾਂ ਉਸ ਦੇ ਹੱਥ ਆਟੇ ਵਾਲੇ ਪੀਪੇ ਵਿਚੋਂ ਹਵਾ ਦੇ ਸਿਵਾਏ ਹੋਰ ਕੁਝ ਨਹੀਂ ਸੀ ਲਗਿਆ। ਫੇਰ ਉਹ ਗਲੀ ਦੀ ਨੁਕਰ ਵਾਲੀ ਦੁਕਾਨ ਤੋਂ ਆਟਾ ਲੈਣ ਚਲੀ ਗਈ ਸੀ। ਪਰ ਆਪਣਾ ਘਰੂੜਿਆ ਚਿਹਰਾ ਤੇ ਫਟੇ ਹੋਏ ਕਪੜੇ ਲੈ ਕੇ ਵਾਪਸ ਆਈ ਸੀ। ਉਦੋਂ ਉਸ ਨੇ ਮਾਂ ਤੋਂ ਇਸ ਘਟਨਾ ਦਾ ਕਾਰਨ ਪੁਛਿਆ ਸੀ ਪਰ ਮਾਂ ਬਗ਼ੈਰ ਕੋਈ ਉਤਰ ਦਿਤੇ ਹੁਬਕੀਏ ਹੁਬਕੀਏ ਹੋਣ ਲਗ ਪਈ ਸੀ। ਫੇਰ ਜਦ ਉਸ ਨੂੰ ਇਸ ਘਟਨਾ ਦਾ ਕਾਰਨ ਪਤਾ ਲਗਿਆ ਸੀ ਤਾਂ ਉਸ ਦੇ ਅੰਦਰ ਗਲੀ ਦੀ ਨੁਕਰ ਵਾਲੀ ਦੁਕਾਨ ਦੇ ਮਾਲਕ ਪ੍ਰਤੀ ਗੁੱਸੇ ਦਾ ਹੜ੍ਹ ਵਗ ਤੁਰਿਆ ਸੀ ਤੇ ਉਸ ਨੇ ਆਪਣੀ ਮਾਂ ਦੀ ਗੋਦੀ ਵਿਚੋਂ ਬਾਹਰ ਨਿਕਲ ਕੇ ਕਿਹਾ ਸੀ, "ਮਾਂ ਮੈਂ ਹਨੂੰਮਾਨ ਬਣਾਂਗਾ।"

ਉਸ ਦੇ ਘਰ ਦੀ ਹਾਲਤ ਬਾਰੇ ਤਾਂ ਸਾਰੇ ਮੁਹੱਲੇ ਦੇ ਲੋਕ ਪਹਿਲਾਂ ਹੀ ਚੰਗੀ ਤਰ੍ਹਾਂ ਨਾਲ ਜਾਣਦੇ ਸਨ ਪਰ ਹੁਣ ਉਸ ਦੇ ਬਾਪ ਦੇ ਮਰਨ ਮਗਰੋਂ ਕਈ ਲੋਕ ਉਸ ਨੂੰ ਤਰਸ ਦੀ ਨਿਗਾਹ ਨਾਲ ਦੇਖਣ ਲਗ ਪਏ ਸਨ। ਸਭ ਤੋਂ ਜ਼ਿਆਦਾ ਉਹਨਾਂ ਦਾ ਮਿਹਰਬਾਨ ਬਣ ਕੇ ਆਇਆ ਸੀ ਸਾਹਮਣੀ ਕੋਠੀ ਦਾ ਮਾਲਕ, ਜਿਸ ਦੀ ਕੋਠੀ ਨੇ ਉਹਨਾਂ ਦੇ ਘਰ ਕਦੇ ਸੂਰਜ ਦੀ ਕਿਰਨ ਤੱਕ ਨਹੀਂ ਸੀ ਪਹੁੰਚਣ ਦਿਤੀ।

"ਸ਼ਾਂਤੀ ਬੜਾ ਦੁਖ ਹੋਇਐ ਹੌਲਦਾਰ ਸਾਨੂੰ ਛੱਡ ਕੇ ਚਲਿਆ ਗਿਐ... ਬੜਾ ਚੰਗਾ ਆਦਮੀ ਸੀ... ਮੇਰਾ ਤਾਂ ਬਚਪਨ ਦਾ ਦੋਸਤ ਸੀ ਉਹ... ਖ਼ੈਰ ਰੱਬ ਅੱਗੇ ਕਿਹੜਾ ਜ਼ੋਰ ਚਲਦੈ... ਜੇ ਕਿਸੇ ਚੀਜ਼ ਦੀ ਲੋੜ ਹੋਵੇ ਤਾਂ ਹਨੂੰਮਾਨੀਏ ਨੂੰ ਭੇਜ ਦੇਵੀਂ..." ਇਕ ਦਿਨ ਸੇਠ ਨੇ ਰਸਤੇ ਵਿਚ ਮਿਲ ਗਈ ਉਸ ਦੀ ਮਾਂ ਨੂੰ ਰੋਕ ਕੇ ਕਿਹਾ ਸੀ। ਉਸ ਦੀ ਮਾਂ ਆਪਣੇ ਪਤੀ ਦੀ ਗੱਲ ਛਿੜ ਜਾਣ ਕਰ ਕੇ ਇਸ ਤਰ੍ਹਾਂ ਡੁਸਕਣ ਲਗ ਪਈ ਸੀ ਜਿਵੇਂ ਕਿਸੇ ਨੇ ਉਹਦਾ ਅੱਲਾ ਜ਼ਖ਼ਮ ਉਚੇੜ ਦਿਤਾ ਹੋਵੇ। ਫੇਰ ਉਹ ਬਗ਼ੈਰ ਇਕ ਸ਼ਬਦ ਵੀ ਬੋਲੇ ਚਿਹਰੇ ਤੇ ਧੰਨਵਾਦ ਦੇ ਚਿੰਨ੍ਹ ਲਿਆਉਂਦੀ ਹੋਈ ਤੇ ਆਪਣੀ ਮੈਲ ਨਾਲ ਮਿੱਟੀ ਰੰਗੀ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਹੋਈ ਚਲੀ ਆਈ ਸੀ। ਉਦੋਂ ਉਸ ਨੂੰ ਉਹ ਸੇਠ ਉਹਦੇ ਬਾਪ ਦੀਆਂ ਗੱਲਾਂ ਕਰਦਾ ਕਿੰਨਾ ਪਿਆਰਾ ਲੱਗਿਆ ਸੀ।

ਉਸ ਦੀ ਮਾਂ ਉਸ ਦੀ ਪੜ੍ਹਾਈ ਤੇ ਘਰ ਦਾ ਖ਼ਰਚ ਚਲਾਉਣ ਲਈ ਲੋਕਾਂ ਦੇ ਭਾਂਡੇ ਮਾਂਜਦੀ, ਕਪੜੇ ਧੋਂਦੀ। ਵਿਆਹ ਕਮਾਉਂਦੀ ਪਰ ਪਰਨਾਲਾ ਉਥੇ ਦਾ ਉਥੇ। ਮਹਿੰਗਾਈ ਦਿਨੋ ਦਿਨ ਵਧਦੀ ਜਾ ਰਹੀ ਸੀ ਪਰ ਆਮਦਨ ਉਹੀ ਸੀ। ਲੋਕਾਂ ਨੇ ਉਸ ਦੀ ਮਿਹਨਤ ਤਾਂ ਕੀ ਵਧਾਉਣੀ ਸੀ ਸਗੋਂ ਉਹ ਉਸ ਤੋਂ ਮੁਫ਼ਤ ਕੰਮ ਕਰਾਉਣ ਤਕ ਜਾਂਦੇ। ਘਰ ਦਾ ਬੁਰਾ ਹਾਲ ਹੁੰਦਾ ਗਿਆ। ਫ਼ਿਕਰਾਂ ਦੀ ਸਿਉਂਕ ਉਸ ਦੀ ਮਾਂ ਦੇ ਸਰੀਰ ਦਾ ਮਾਸ ਖਾਂਦੀ ਰਹੀ। ਜਿਸ ਨੂੰ ਦੇਖ ਕੇ ਉਸ ਨੂੰ ਬੜਾ ਦੁੱਖ ਹੁੰਦਾ। ਉਹ ਮਾਂ ਦੀ ਮਦਦ ਕਰਨ ਲਈ ਸੋਚਦਾ ਪਰ ਕੋਈ ਰਸਤਾ ਨਾ ਮਿਲਦਾ ਫੇਰ ਉਸ ਨੂੰ ਇਕ ਫੁਰਨਾ ਫੁਰਿਆ — ਉਸ ਨੇ ਇਕ ਬੇਕਰੀ ਵਾਲੇ ਕੋਲ ਨੌਕਰੀ ਕਰ ਲਈ ਸੀ। ਉਹ ਸੂਰਜ ਚੜ੍ਹਨ ਤੋਂ ਪਹਿਲਾਂ ਉਠਦਾ ਦੁਕਾਨ ਤੇ ਜਾਂਦਾ। ਉਥੋਂ ਸਮਾਨ ਲੈਂਦਾ ਤੇ ਗਲੀ ਗਲੀ ਹੋਕਾ ਦਿੰਦਾ ਫਿਰਦਾ। ਜਦ ਉਹ ਸ਼ਹਿਰ ਦਾ ਚੱਕਰ ਕੱਟ ਕੇ ਘਰ ਮੁੜ ਰਿਹਾ ਹੁੰਦਾ ਤਾਂ ਕੋਠੀਆਂ ਵਾਲਿਆਂ ਦੇ ਉਹਦੀ ਉਮਰ ਦੇ ਬੱਚੇ ਅਜੇ ਸਵੇਰ ਦੀ ਚਾਹ ਹੀ ਪੀ ਰਹੇ ਹੁੰਦੇ। ਏਨਾ ਕਰਨ ਦੇ ਬਾਵਜੂਦ ਵੀ ਮਹਿੰਗਾਈ ਉਹਨਾਂ ਦੇ ਪੈਰ ਨਹੀਂ ਸੀ ਲੱਗਣ ਦੇ ਰਹੀ। ਉਤੋਂ ਉਸ ਦੇ ਇਕ ਵਾਰ ਜੀਅ ਵਿਚ ਆਇਆ ਸੀ ਕਿ ਪੜ੍ਹਾਈ ਛੱਡ ਕੇ ਪੂਰੇ ਦਿਨ ਲਈ ਕੋਈ ਕੰਮ ਲੱਭੇ ਤਾਂ ਕਿ ਆਪ ਤੋਂ ਛੋਟੇ ਆਪਣੇ ਦੋ ਭਰਾਵਾਂ ਦੀ ਜ਼ਿੰਦਗੀ ਤਾਂ ਸੁਧਾਰ ਸਕੇ ਪਰ ਉਹਦੀ ਮਾਂ ਨਹੀਂ ਸੀ ਮੰਨੀ ਉਹ ਵੇਲੇ ਕੁਵੇਲੇ ਸਾਹਮਣੀ ਕੋਠੀ ਵਾਲੇ ਸੇਠ ਤੋਂ ਮਦਦ ਲੈਣ ਲਗ ਪਈ ਸੀ ਪਰ ਉਹ ਉਸ ਤੋਂ ਲਏ ਪੈਸੇ ਕਦੇ ਮੋੜ ਨਹੀਂ ਸੀ ਸਕੀ। ਸੇਠ ਜੀ ਨੇ ਵੀ ਕਦੇ ਉਸ ਨੂੰ ਪੈਸੇ ਵਾਪਸ ਕਰਨ ਲਈ ਨਹੀਂ ਸੀ ਕਿਹਾ। ਸਗੋਂ ਹੋਰ ਲੈ ਜਾਣ ਲਈ ਕਹਿ ਦਿੰਦਾ ਸੀ। ਜਿਸ ਕਰ ਕੇ ਉਹ ਉਸ ਦਾ ਬਹੁਤ ਹੀ ਸਤਿਕਾਰ ਕਰਦੇ ਸਨ।

ਫੇਰ ਇਕ ਦਿਨ ਸੇਠ ਉਸ ਦੀ ਮਾਂ ਨੂੰ ਕੋਠੀ ਬੁਲਾ ਕੇ ਕਿਹਾ ਸੀ, "ਸ਼ਾਂਤੀ ਆਹ ਇਸ ਫਾਰਮ ਤੇ ਅੰਗੂਠਾ ਤਾਂ ਲਾਈਂ।"

"ਕਾਸ ਦਾ ਫ਼ਾਰਮ ਐ ਜੀ।"

"ਅੱਜ ਅਖ਼ਬਾਰ ਵਿਚ ਖ਼ਬਰ ਛਪੀ ਐ ਕਿ ਜਿਹੜੀਆਂ ਫ਼ੌਜੀਆਂ ਦੀਆਂ ਵਿਧਵਾ ਪਤਨੀਆਂ ਸਰਕਾਰ ਤੋਂ ਮਦਦ ਲੈਣੀ ਚਾਹੁੰਦੀਆਂ ਹਨ ਉਹ ਇਹ ਫਾਰਮ ਭਰ ਕੇ ਦੇਣ। ਮੈਂ ਖ਼ਬਰ ਪੜ੍ਹਦੇ ਹੀ ਤੇਲੂ ਰਾਮ ਨੂੰ ਭੇਜ ਕੇ ਫਾਰਮ ਮੰਗਵਾ ਲਿਆ। ਸੋਚਿਆਂ ਕੁਝ ਤਾਂ ਫ਼ਰਕ ਪਵੇਗਾ ਹੀ।"

ਸੇਠ ਦੀ ਗੱਲ ਸੁਣ ਕੇ ਉਸ ਦੀ ਮਾਂ ਨੂੰ ਚਾਅ ਜਿਹਾ ਚੜ੍ਹ ਗਿਆ ਸੀ ਤੇ ਫੇਰ ਉਸ ਨੇ ਬਗ਼ੈਰ ਕੁਝ ਹੋਰ ਸੋਚੇ ਸਮਝੇ ਕਾਗ਼ਜ਼ ਤੇ ਅੰਗੂਠਾ ਲਗਾ ਦਿਤਾ ਸੀ। ਅੰਗੂਠਾ ਲਾਉਣ ਤੋਂ ਕੁਝ ਦਿਨ ਬਾਅਦ ਉਸ ਦੀ ਮਾਂ ਨੇ ਸੇਠ ਜੀ ਤੋਂ ਪੁਛਿਆ ਸੀ" ਸੇਠ ਜੀ ਆਪਣੇ ਫ਼ਾਰਮ ਦਾ ਕੋਈ ਉਤਰ ਨਹੀਂ ਆਇਆ ?"

"ਹਾਂ ਮੈਂ ਦਫ਼ਤਰ ਗਿਆ ਸਾਂ... ਸਰਕਾਰ ਨੇ ਅਜੇ ਕੁਝ ਚਿਰ ਲਈ ਸਕੀਮ ਬੰਦ ਕਰ ਦਿਤੀ ਹੈ। ਜੇ ਕਿਤੇ ਇਕ ਵੀ ਅਰਜ਼ੀ ਤੇ ਕਾਰਵਾਈ ਹੋਈ ਤਾਂ ਉਹ ਆਪਣੀ ਤੇ ਹੀ ਹੋਵੇਗੀ। ਮੈਂ ਕਮਿਸ਼ਨਰ ਸਾਹਿਬ ਤੋਂ ਵੀ ਕਹਾ ਦਿਤਾ ਹੈ। ਤੇ ਫੇਰ ਉਹ ਜਦ ਵੀ ਇਸ ਫ਼ਾਰਮ ਬਾਰੇ ਪੁਛਦੀ, ਸੇਠ ਦਾ ਇਹੀ ਉਤਰ ਹੁੰਦਾ। ਅੰਤ ਉਹ ਪੁੱਛਣੋਂ ਹੀ ਹਟ ਗਈ ਸੀ।

ਫੇਰ ਜਦ ਹਨੂੰਮਾਨ ਪ੍ਰਸ਼ਾਦ, ਦਸਵੀਂ ਪਾਸ ਕਰਕੇ ਇਕ ਦਫ਼ਤਰ ਵਿਚ ਕਲਰਕ ਲਗ ਗਿਆ ਸੀ ਤਾਂ ਸੇਠ ਨੇ ਉਸ ਨੂੰ ਬੁਲਾ ਕੇ ਕਿਹਾ ਸੀ, ਹਨੂੰਮਾਨੀਆਂ ਹੁਣ ਤਾਂ ਤੂੰ ਕਮਾਉਣ ਲੱਗ ਪਿਐਂ — ਮੇਰੇ ਪੈਸਿਆਂ ਬਾਰੇ ਵੀ ਕੁਝ ਸੋਚ..."

"ਦੇ ਦਿਆਂਗੇ ਜੀ...ਕਿੰਨੇ ਕੁ ਹੋਣਗੇ..." ਪੰਜ ਹਜ਼ਾਰ।

"ਪਰ ਮਾਂ ਤਾਂ ਪੰਜ ਸੌ ਦਸਦੀ ਸੀ..."

"ਉਸ ਅਨਪੜ੍ਹ ਨੂੰ ਕੀ ਪਤੈ... ਦਿਤੇ ਤਾਂ ਮੈਂ ਨੇ..."

"ਮੰਨਿਆ ਉਹ ਅਨਪੜ੍ਹ ਹੈ ਪਰ ਲੈਣ ਦੇਣ ਦਾ ਹਿਸਾਬ ਤਾਂ ਉਹ ਪੂਰਾ ਰਖ ਸਕਦੀ ਹੈ।"

"ਉਹ ਭੁਲ ਵੀ ਸਕਦੀ ਐ ਪਰ ਮੈਂ ਤਾਂ ਨੋਟ ਕੀਤੇ ਹੋਏ ਨੇ..."

"ਤੁਸੀਂ ਵੀ ਤਾਂ ਗ਼ਲਤ ਨੋਟ ਕਰ ਸਕਦੇ ਹੋ।"

"ਇਹ ਤਾਂ ਫੇਰ ਕੋਰਟ ਵਿਚ ਪਤਾ ਲੱਗੂ ਕਿ ਕੌਣ

ਭੁਲਿਆ ਤੇ ਕਿਸ ਨੇ ਗ਼ਲਤ ਨੋਟ ਕੀਤੇ।"

"ਜੇ ਇਸ ਤਰ੍ਹਾਂ ਹੈ ਤਾਂ ਫੇਰ ਤੁਹਾਡੀ ਮਰਜ਼ੀ" ਕਹਿ ਕੇ ਉਹ ਕੋਠੀ ਵਿਚੋਂ ਬਾਹਰ ਨਿਕਲ ਆਇਆ ਸੀ। ਫੇਰ ਉਸ ਨੂੰ ਕੁਝ ਦਿਨਾਂ ਮਗਰੋਂ ਸੇਠ ਵਲੋਂ ਘਰ ਖ਼ਾਲੀ ਕਰਨ ਦਾ ਨੋਟਿਸ ਮਿਲ ਗਿਆ ਸੀ। ਨੋਟਿਸ ਦੇਖਦਿਆਂ ਹੀ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਸੀ। ਹੁਣ ਉਸ ਨੂੰ ਪਤਾ ਲਗਿਆ ਸੀ ਕਿ ਸੇਠ ਨੇ ਫਾਰਮ ਤੇ ਮਾਂ ਕੋਲੋਂ ਕਿਹਾ ਅੰਗੂਠਾ ਲਗਵਾਇਆ ਸੀ। ਹਨੂੰਮਾਨ ਪ੍ਰਸ਼ਾਦ ਜਿਹੜਾ ਘਟ ਸੀ ਉਸ ਨੇ ਵੀ ਲੋਹੇ ਨਾਲ ਲੋਹਾ ਟਕਰਾਉਣ ਦੀ ਸੋਚ ਲਈ ਸੀ। ਕਚਹਿਰੀ ਮੁਕੱਦਮਾ ਚਲਿਆ। ਗਵਾਹ ਭੁਗਤੇ। ਸਭ ਸੇਠ ਦੇ ਖ਼ਰੀਦੇ ਹੋਏ ਸਨ। ਪਹਿਲਾਂ ਜਿਹੜਾ ਸੇਠ ਉਸ ਨੂੰ ਦੇਵਤਾ ਜਿਹਾ ਦਿਖਾਈ ਦਿੰਦਾ ਸੀ ਉਹ ਹੁਣ ਉਸ ਨੂੰ ਰਾਖਸ਼ਸ਼ ਲਗਣ ਲਗ ਪਿਆ ਸੀ। ਹੂਬ-ਹੂ ਰਾਮਾਇਣ ਵਿਚ ਦਰਸਾਏ ਗਏ ਰਾਖਸ਼ਸ਼ਾਂ ਵਰਗਾ। ਓਦੋਂ ਉਸ ਨੇ ਖ਼ਾਲੀ ਕਰਦੇ ਹੋਏ ਆਪਣੇ ਸੇਗਲ ਭਰੇ ਚੂਹਿਆਂ, ਖਟਮਲਾਂ ਮੱਖੀਆਂ ਮੱਛਰਾਂ ਵਾਲੇ ਉਸ ਘਰ ਦੇ ਬੂਹੇ ਅਗੇ ਖੜ ਕੇ ਜਿਥੇ ਉਸ ਨੇ ਜ਼ਿੰਦਗੀ ਦੀਆਂ ਵੀਹ ਪਤਝੜਾਂ ਬਿਤਾਈਆਂ ਸਨ, ਕਿਹਾ ਸੀ, "ਹੁਣ ਤਾਂ ਹਨੂੰਮਾਨ ਬਣਨਾ ਹੀ ਪਵੇਗਾ।"

"ਬੋਲ ਮਾਹਰਾਜਾ, ਅਧਿਰਾਜ, ਚੱਕਰਵਰਤੀ, ਲੰਕਾ ਪਤੀ ਮਹਾਰਾਜਾ ਰਾਵਣ... ਦੀ... ?"... ਜੈ।

ਪਰਦਾ ਉਠਦੇ ਹੀ ਰਾਮ ਲੀਲਾ ਗਰਾਊਂਡ ਦੇ ਜੋਸ਼ ਭਰੇ ਵਾਤਾਵਰਣ ਵਿਚ ਜੈਕਾਰਾ ਗੂੰਜਿਆ। ਫੇਰ ਚਾਰੇ ਪਾਸੇ ਚੁਪ ਛਾ ਗਈ। ਉਸ ਦੀ ਚੇਤਨਾ ਪਰਤੀ। ਉਸ ਨੇ ਦੇਖਿਆ ਉਸ ਦੁਆਲੇ ਰਾਵਣ ਦੀ ਸੈਨਾ ਦੇ ਸਿਪਾਹੀ ਖੜੇ ਸਨ ਉਸ ਨੂੰ ਕਹਿ ਰਹੇ ਸਨ, ਹਨੂੰਮਾਨੀਆਂ ਉਠ ਲੇਟ ਹੋ ਰਿਹੈਂ..."

"ਹਾਂ ਵਈ ਵਾਕਿਈ ਲੇਟ ਹੋ ਰਿਹਾਂ" ਕਹਿੰਦਾ ਹੋਇਆ ਉਹ ਗੋਡਿਆਂ ਦੇ ਹੱਥ ਧਰ ਕੇ ਕੁਰਸੀ ਤੋਂ ਇੰਜ ਉਠਿਆ ਜਿਵੇਂ ਉਹ ਸੋਚ ਸੋਚ ਕੇ ਥਕ ਗਿਆ ਹੋਵੇ। ਉਸ ਕੋਲ ਖੜੇ ਰਾਵਣ ਦੇ ਸਿਪਾਹੀਆਂ ਨੇ ਉਸ ਦੇ ਦੁਆਲੇ ਰੱਸੇ ਲਪੇਟੇ ਤੇ ਉਸ ਨੂੰ ਬੰਨ੍ਹਕੇ ਰਾਵਣ ਦੇ ਦਰਬਾਰ ਵਿਚ ਲੈ ਗਏ। ਮੰਚ ਦੇ ਦੂਸਰੇ ਸਿਰਿਓਂ ਮੇਘ ਨਾਥ ਪਹਿਲਾਂ ਹੀ ਮੰਚ ਤੇ ਪ੍ਰਵੇਸ਼ ਕਰ ਚੁਕਿਆ ਸੀ ਜੋ ਹਨੂੰਮਾਨ ਨੂੰ ਕਾਬੂ ਕਰਨ ਦੀਆ ਰਾਵਣ ਅਗੇ ਫੜਾਂ ਮਾਰ ਰਿਹਾ ਸੀ।

ਹਨੂੰਮਾਨ ਪ੍ਰਸ਼ਾਦ ਨੇ ਸਾਹਮਣੇ ਦੇਖਿਆ — ਰਾਮ ਲੀਲਾ ਗਰਾਊਂਡ ਦੇ ਵਿਸ਼ਾਲ ਪੰਡਾਲ ਵਿਚ ਉਸ ਦੇ ਸੱਜੇ ਹੱਥ ਜਨਾਨੀਆਂ ਬੈਠੀਆਂ ਸਨ। ਖੱਬੇ ਹੱਥ ਪੈਂਟਾਂ ਵਾਲੇ ਆਦਮੀ ਖੜੇ ਸਨ ਤੇ ਵਿਚਕਾਰ ਬੱਚੇ ਤੇ ਨਿਮਨ ਵਰਗ ਦੇ ਹੋਰ ਆਦਮੀ ਬੈਠੇ ਸਨ। ਉਹਨਾਂ ਦੇ ਮੂਹਰੇ ਕੁਰਸੀਆਂ ਡਹੀਆਂ ਹੋਈਆਂ ਸਨ ਜਿਸ ਤੇ ਸ਼ਹਿਰ ਦੇ ਪਤਵੰਤੇ ਸੱਜਣ ਬਿਰਾਜਮਾਨ ਹੋਏ ਹੋਏ ਸਨ। ਸਭ ਤੋਂ ਅਗਲੀ ਕਤਾਰ ਵਾਲੀਆਂ ਕੁਰਸੀਆਂ ਤੇ ਇਕ ਉਹ ਸੇਠ ਬੈਠਾ ਸੀ ਜਿਸ ਦੀ ਕੋਠੀ ਨੇ ਉਸ ਦੇ ਘਰ ਕਦੇ ਰੌਸ਼ਨੀ ਦੀ ਕਿਰਨ ਤੱਕ ਵੀ ਨਹੀਂ ਸੀ ਆਣ ਦਿਤੀ। ਜਿਹੜੀ ਕੋਠੀ ਉਸ ਦੇ ਸਿਲ੍ਹ ਭਰੇ ਮੱਖੀਆਂ ਮੱਛਰਾਂ ਤੇ ਖਟਮਲਾਂ ਵਾਲੇ ਖੋਲਾ ਬਣੇ ਮਕਾਨ ਨੂੰ ਡਕਾਰ ਗਈ ਸੀ। ਉਹ ਹੁਣ ਰਾਮ ਲੀਲਾ ਮੰਡਲ ਦਾ ਸਰਪ੍ਰਸਤ ਸੀ। ਦੂਸਰੀ ਕੁਰਸੀ ਤੇ ਉਹ ਆਦਮੀ ਬੈਠਾ ਸੀ ਜਿਸ ਦੀ ਦੁਕਾਨ ਤੋਂ ਆਟਾ ਲੈਣ ਗਈ ਉਹਦੀ ਮਾਂ ਘਬਰਾਇਆ ਹੋਇਆ ਚਿਹਰਾ ਲੈ ਕੇ ਮੁੜੀ ਸੀ। ਹੁਣ ਉਹ ਰਾਮ ਲੀਲਾ ਮੰਡਲ ਦਾ ਪ੍ਰਧਾਨ ਸੀ।

ਉਸ ਨੇ ਪਹਿਲਾਂ ਤਾਂ ਰਾਵਣ ਵਲ ਦੇਖਿਆ ਫੇਰ ਕੁਰਸੀਆਂ ਦੀ ਪਹਿਲੀ ਕਤਾਰ ਵਿਚ ਬੈਠੇ ਪਤਵੰਤੇ ਸੱਜਣਾਂ ਵਲ। ਫੇਰ ਦੋਹਾਂ ਵੱਲ ਇਸ ਤਰ੍ਹਾਂ ਦੇਖਿਆ ਜਿਵੇਂ ਉਹ ਅਸਲੀ ਰਾਖਸ਼ਸ਼ ਦੀ ਪਹਿਚਾਣ ਕਰ ਰਿਹਾ ਹੋਵੇ। ਉਸ ਦੇ ਦਿਲ ਅੰਦਰ ਕੁਝ ਕੁਝ ਹੋਣ ਲਗ ਪਿਆ। ਉਸ ਨੂੰ ਆਪਣੀਆਂ ਨਾੜਾਂ ਦਾ ਖ਼ੂਨ ਤੇਜ਼ ਤੇਜ਼ ਦੌਰਾ ਕਰਦਾ ਜਾਪਿਆ। ਉਸ ਨੂੰ ਲਗਿਆ ਜਿਵੇਂ ਉਸ ਦਾ ਚੜ੍ਹਿਆ ਥਕੇਵਾਂ ਲਹਿ ਗਿਆ ਹੋਵੇ ਤੇ ਫੇਰ ਅਚਾਨਕ ਖ਼ਿਆਲ ਆਇਆ, ਕੀ ਮੈਂ ਵਾਕਿਈ ਹਨੂੰਮਾਨ ਬਣ ਗਿਆ, ਅਤੇ ਨਾਲ ਹੀ ਉਸ ਦੇ ਅੰਦਰੋਂ ਉਤਰ ਮਿਲਿਆ, "ਨਹੀਂ ਹਨੂੰਮਾਨ ਦੀ ਵਰਦੀ ਪਾਉਣ ਨਾਲ ਕੋਈ ਹਨੂੰਮਾਨ ਨਹੀਂ ਬਣ ਜਾਂਦਾ, ਉਸ ਨੇ ਫੇਰ ਇਕ ਵਾਰ ਰਾਵਣ ਵਲ ਵੇਖਿਆ ਤੇ ਫੇਰ ਕੁਰਸੀਆ ਦੀ ਪਹਿਲੀ ਕਤਾਰ ਵਲ। ਉਸ ਦੇ ਹੱਥਾਂ ਦੀ ਪਕੜ ਉਸ ਦੇ ਲੋਹੇ ਦੇ ਚਾਂਦੀ ਵਰਗੇ ਚਮਕਦੇ ਗਦੇ ਤੇ ਹੋਰ ਕਰੜੀ ਹੋ ਗਈ। ਉਸ ਨੇ ਆਪਣੇ ਦੋਵੇਂ ਮੋਢੇ ਪੂਰੇ ਜ਼ੋਰ ਨਾਲ ਝਟਕੇ। ਸਿਪਾਹੀ ਔਹ ਜਾ ਡਿਗੇ। ਰੱਸੀਆਂ ਦੀ ਜਕੜ ਖੁਲ੍ਹ ਗਈ। ਦਰਸ਼ਕ ਖ਼ੁਸ਼ ਸਨ। ਹਨੂੰਮਾਨੀਆਂ ਰੋਲ ਬਹੁਤ ਵਧੀਆ ਕਰ ਰਿਹਾ ਸੀ। ਫੇਰ ਉਸ ਨੇ ਆਪਣਾ ਸਿਰ ਹੇਠਾਂ ਕਰਕੇ ਸੰਘ ਪਾੜਵੀ ਅਵਾਜ਼ ਵਿਚ ਜੈਕਾਰਾ ਛਡਿਆ, "ਬੋਲ ਸੀਆ ਪਤੀ ਰਾਮ ਚੰਦਰ ਦੀ?"

"ਜੈ..." ਦਰਸ਼ਕਾਂ ਵਲੋਂ ਆਵਾਜ਼ ਆਈ ਤੇ ਉਹ ਮੰਚ ਤੋਂ ਹਨੂੰਮਾਨ ਦੀ ਤਰ੍ਹਾਂ ਛਾਲ ਮਾਰ ਕੇ ਕੁਰਸੀਆਂ ਅੱਗੇ ਜਾ ਖੜਿਆ। ●

(ਸਫ਼ਾ 20 ਤੋਂ ਅੱਗੇ)

ਕਾਨੂੰਨ ਨੇ। ਜੇ ਇਸ ਬਦਨਸੀਬ ਮੁੰਡੇ ਦੇ ਮਾਪਿਆਂ ਤੇ ਸਾਡੇ ਲਈ ਤੇਰੇ ਦਿਲ 'ਚ ਥੋੜੀ ਬਹੁਤੀ ਵੀ ਮਨੁੱਖੀ ਅੰਸ਼ ਆ, ਤਾਂ ਮੁੰਡੇ ਦੀ ਮਿੱਟੀ ਰੋਲਣ ਦੀ ਥਾਂ ਇਹਨੂੰ ਥਿਲੇ ਲਾਉਣ ਲਈ ਕੋਈ ਕਾਨੂੰਨ ਲੱਭ।"

ਪਿੰਡ ਵਾਲਿਆਂ ਦੇ ਚੱਟਾਨ ਵਰਗੇ ਪੱਕੇ ਇਰਾਦੇ ਤੋਂ ਏਕੇ ਕਰ ਕੇ ਕੁਝ ਝਾੜਨ ਦੀ ਆਸ ਤੇ ਪਾਣੀ ਫਿਰਿਆ ਵੇਖ ਕੇ ਥਾਣੇਦਾਰ ਕਹਿਣ ਲੱਗਾ, "ਚੰਗਾ, ਫੇਰ ਪੰਚਾਇਤ ਲਿਖ ਦੇਵੇ ਕਿ ਮੁੰਡਾ ਹਨੇਰੀ 'ਚ ਨਾ-ਦਿਸਣ ਕਰ ਕੇ ਖੂਹ 'ਚ ਡਿੱਗ ਕੇ ਮਰਿਆ ਏ। ਇਹਦੀ ਮੌਤ 'ਚ ਕਿਸੇ ਦਾ ਹੱਥ ਨਹੀਂ।"

"ਤੂੰ ਆਪੇ ਲਿਖ ਲੈ ਤੇ ਪੰਚੈਤ ਦੇ ਗੂਠੇ ਦਸਖ਼ਤ ਕਰਵਾ ਲੈ," ਕਹਿੰਦਾ ਹੋਇਆ ਬੀਰ ਸਿੰਘ ਸੱਥ 'ਚੋਂ ਦਸਤਖ਼ਤ ਕਰਨ ਲਈ ਥਾਣੇਦਾਰ ਵਲ ਤੁਰ ਪਿਆ। ਖੀਰ ਸਿੰਘ ਪਿੱਛੋਂ ਸਾਰੀ ਪੰਚਾਇਤ ਨੇ ਦਸਖ਼ਤ ਅੰਗੂਠੇ ਲਾ ਕੇ ਥਾਣੇਦਾਰ ਨੂੰ ਤੋਰਦਾ ਕੀਤਾ। ਥਾਣੇਦਾਰ ਨੂੰ ਇੰਜ ਕੰਨ ਝਾੜ ਕੇ ਤੁਰਦਾ ਵੇਖ ਕੇ, ਸਾਰੀ ਸੱਥ ਨੇ ਖੀਰ ਸਿੰਘ ਵਲ ਇੰਜ ਵੇਖਿਆ, ਜਿਵੇਂ ਕਿਹਾ ਹੋਵੇ, "ਬਈ ਅਜੇ ਪਿੰਡ 'ਚ ਗ਼ਾਦਰੀ ਬਾਬਿਆਂ ਦੀ ਅੰਸ਼ ਹੈਗੀ।" ●

# SHAN SAREES & KNITWEAR

6658 MAIN STREET, VANCOUVER, B. C. VTX 3H2

*We offer the following at low, low prices*

- SAREES
- PETTI COATS
- FALLS
- LEHNGA
- CARDIGANS
- SHIRTS
- SWEATERS
- SUITS
- YARD MATERIAL
- BED SPREADS
- BED SHEETS
- DRAPES




# PUNI'S EMPORIUM

9369 SCOTT RD. (120 ST.) DELTA

ਪੂਨੀ'ਜ਼ ਇਮਪੋਰੀਅਮ

9369 ਸਕਾਟ ਰੋਡ (120 ਸਟਰੀਟ)
ਡੈਲਟਾ, ਬੀ.ਸੀ.

ਫੋਨ: 581-1844/596-0583

* ਏਥੇ ਸਾੜ੍ਹੀਆਂ, ਕਮੀਜ਼ਾਂ, ਕਢਾਈ ਵਾਲੇ ਸੂਟ ਅਤੇ ਹੋਰ ਬਹੁਤ ਕੁਝ ਮਿਲ ਸਕਦਾ ਹੈ।
* ਵਿਆਹ ਦੇ ਸ਼ੁਭ ਅਵਸਰ ਤੇ ਹਾਰਾਂ ਦੀ ਸੇਲ ਲੱਗੀ ਹੋਈ ਹੈ।
* ਹੋਰ ਜਾਣਕਾਰੀ ਲਈ ਸਾਨੂੰ ਦਰਸ਼ਨ ਦਿਓ ਜਾਂ ਫੋਨ ਕਰੋ।

ਫੋਨ: 581-1844/596-0583

**PHONE ANY TIME FOR NEW & USED CARS and HALF TON TRUCKS**



# MAJER SINGH DHALIWAL

## CAR SALESMAN

ਨਵੀਂ ਜਾਂ ਪੁਰਾਣੀ ਕਾਰ, ਵੈਨ ਜਾ ਪਿਕਅੱਪ ਅਤੇ ਟਰੱਕ ਆਦਿਕ ਅੱਛੀ ਚਮਕ ਸਸਤੀਆਂ ਕੀਮਤਾਂ ਤੇ ਖਰੀਦਣ ਲਈ ਮੇਜਰ ਸਿੰਘ ਧਾਲੀਵਾਲ ਨੂੰ ਮਿਲੋ ਜੋ 641-LOUGHEED HWY. (NEAR LOUGHEED MALL) COQUITLAM, ਵਿਚ ਕਾਰ ਸੇਲਜ਼ਮੈਨ ਹਨ। ਦਫਤਰ ਵਕਤੀ ਲਈ ਘਰ 594-2838 ਤੇ ਫੋਨ ਕਰੋ। ਗੈਰੇਜ ਵਿੱਚ ਪੁੱਛਕੇ ਮੈਨੇਜਰ ਨੂੰ ਕਹੋ ਕਿ ਤੁਸੀਂ ਮੇਜਰ ਸਿੰਘ ਧਾਲੀਵਾਲ ਨੂੰ ਮਿਲਣਾ ਹੈ।

Bus.
937-7711



Res.
594-2838

**GARY PONTIAC-BUICK & GMC LTD.**

**BUYING, SELLING, TRADING? PROFESSIONAL SALESMEN TO SERVE YOU AND YOUR PARTICULAR REAL ESTATE NEEDS. CALL AT**

OFFICE
872-0131

RES.
278-5443



# Amarjit Gill

## MARS REALTY

1437 Kingsway
Vancouver

ਨਾਵਲ :

# ਬਾਬਾ ਹਰੀ ਸਿੰਘ ਉਸਮਾਨ

(ਕੇਸਰ ਸਿੰਘ ਨਾਵਲਿਸਟ)

ਕਾਂਡ 26

ਹਿੰਦੀ ਆਪਣੇ ਭਰਾਵਾਂ ਨੂੰ ਕੈਨੇਡਾ ਦੀ ਧਰਤੀ ਉੱਤੇ ਉਤਾਰਨ ਲਈ ਕਾਨੂੰਨੀ ਕਾਰਵਾਈ ਕਰ ਰਹੇ ਸਨ। ਜਹਾਜ਼ ਦੇ ਠੇਕੇ ਦੇ ਡਾਲੇ ਤਾਰ ਰਹੇ ਸਨ। ਭਰਾਵਾਂ ਦੀਆਂ ਨਕਦ ਜ਼ਮਾਨਤਾਂ ਦੇਣ ਨੂੰ ਤਿਆਰ ਸਨ, ਪਰ ਉਨ੍ਹਾਂ ਦੇ ਹਰ ਜਤਨ ਦੇ ਰਾਹ ਵਿਚ ਰੁਕਾਵਟਾਂ ਪਾਈਆਂ ਜਾ ਰਹੀਆਂ ਸਨ। ਸਭ ਤੋਂ ਵੱਡੀ ਗੱਲ ਇਹ ਕਿ ਪਿਛਾਂਹ-ਖਿੱਚੂ, ਨਸਲੀ ਵਿਤਕਰੇ ਦੇ ਹਾਮੀ ਗੋਰੇ ਜਲਸੇ ਕਰ ਕੇ, ਜਲੂਸ ਕਢ ਕੇ, ਹਿੰਦੀ ਮਜ਼ਦੂਰਾਂ ਦੀ ਆਮਦ ਉੱਤੇ ਪੂਰੀਆਂ ਪਾਬੰਦੀਆਂ ਲਾਉਣ ਦੀ ਮੰਗ ਕਰ ਰਹੇ ਸਨ। ਉਨ੍ਹਾਂ ਦੇ ਜਲਸਿਆਂ ਵਿਚ ਕੀਤੀਆਂ ਤਕਰੀਰਾਂ ਤੇ ਕਾਰਵਾਈਆਂ ਨੂੰ ਅਖ਼ਬਾਰਾਂ ਨੇ ਮਸਾਲੇ ਲਾ ਲਾ ਕੇ ਛਾਪਣਾ ਸ਼ੁਰੂ ਕਰ ਦਿੱਤਾ। ਇਕ ਗੋਰੇ ਮਜ਼ਦੂਰ ਨੇ ਲੈਕਚਰ ਕਰਦਿਆਂ ਕਿਹਾ, "ਹਿੰਦੀ ਮਜ਼ਦੂਰਾਂ ਦੀਆਂ ਪੱਗਾਂ ਤੇ ਦਾੜ੍ਹੀਆਂ ਵਿੱਚੋਂ ਬਦਬੂ ਆਉਂਦੀ ਹੈ। ਵੀਹ ਵੀਹ ਬੰਦੇ ਇੱਕੋ ਕਮਰੇ ਵਿਚ ਰਹਿ ਕੇ ਭੁੰਞੇ ਸੌਂਦੇ ਹਨ। ਇਕੱਠੇ ਪਕਾਂਦੇ ਤੇ ਇਕੱਠੇ ਖਾਂਦੇ ਹਨ ਭੁੰਞੇ ਬਹਿ ਕੇ। ਅੰਗਰੇਜ਼ੀ ਨਹੀਂ ਜਾਣਦੇ। ਆਪਣੀ ਬੋਲੀ ਵਿਚ ਹੀ ਗੱਲਾਂ ਕਰਦੇ ਰਹਿੰਦੇ ਹਨ। ਪਛਮੀ ਸਭਿਤਾ ਨੂੰ ਪਰਵਾਨ ਨਹੀਂ ਕਰਦੇ। ਨਾ ਈਸਾ ਨੂੰ ਮੰਨਦੇ ਹਨ ਤੇ ਨਾ ਚਰਚ ਜਾਂਦੇ ਹਨ। ਘਰ ਵਿਚ ਹੀ ਚਰਚ ਬਣਾ ਲੈਂਦੇ ਹਨ। ਇਨ੍ਹਾਂ ਦੇ ਰਹਿਣ ਦਾ ਢੰਗ ਬੜਾ ਭੈੜਾ ਹੈ। ਡਾਲਰ ਕਮਾ ਕਮਾ ਕੇ ਜਮ੍ਹਾਂ ਕਰਦੇ ਰਹਿੰਦੇ ਹਨ ਤੇ ਹਿੰਦੁਸਤਾਨ ਨੂੰ ਭੇਜਦੇ ਰਹਿੰਦੇ ਹਨ। ਕੈਨੇਡਾ ਗੋਰਿਆਂ ਦਾ ਦੇਸ਼ ਹੈ। ਕਾਲਿਆਂ ਨੂੰ, ਖ਼ਾਸ ਕਰ ਕੇ ਗ਼ੁਲਾਮਾਂ ਨੂੰ ਨਹੀਂ ਆਉਣ ਦਿੱਤਾ ਜਾਣਾ ਚਾਹੀਦਾ।"

ਇਕ ਹੋਰ ਗੋਰੇ ਨੇ ਕਿਹਾ, "ਇਹ ਲੋਕ ਅੰਗਰੇਜ਼ਾਂ ਦੇ ਗੁਲਾਮ ਹਨ, ਪਰ ਇੱਥੇ ਆ ਕੇ ਆਜ਼ਾਦੀ ਮੰਗਦੇ ਹਨ। ਆਪਣੇ ਦੇਸ਼ ਵਿਚ ਰਹਿ ਕੇ ਕਿਉਂ ਨਹੀਂ ਆਜ਼ਾਦੀ ਮੰਗਦੇ? ਸਭ ਹਿੰਦੀ ਮਜ਼ਦੂਰਾਂ ਨੂੰ ਵਾਪਸ ਭੇਜ ਦੇਣਾ ਚਾਹੀਦਾ ਹੈ, ਤਾਕਿ ਉੱਥੇ ਜਾ ਕੇ ਆਜ਼ਾਦੀ ਮੰਗਣ ਤੇ ਸਾਡੇ ਦੇਸ਼ ਵਿਚ ਗੰਦ ਨਾ ਪਾਉਣ।"

ਦੂਜੇ ਪਾਸੇ ਹਰ ਰੋਜ਼ ਸ਼ਾਮ ਨੂੰ ਗੁਰਦੁਆਰੇ ਵਿਚ ਜੋੜ-ਮੇਲੇ ਸ਼ੁਰੂ ਹੋ ਗਏ। ਇਨ੍ਹਾਂ ਜੋੜ-ਮੇਲਿਆਂ ਵਿਚ ਇਕੋ ਵਿਚਾਰ ਹੁੰਦੀ ਕਿ ਆਪਣੇ ਭਰਾਵਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਜਹਾਜ਼ ਤੋਂ ਉਤਾਰ ਲਿਆ ਜਾਵੇ। ਖੁਲ੍ਹੀਆਂ ਮੀਟਿੰਗਾਂ ਹੁੰਦੀਆਂ। ਗੁਪਤ ਮੀਟਿੰਗਾਂ ਹੁੰਦੀਆਂ। ਗੱਲ ਕਿਸੇ ਸਿਰੇ ਨਾ ਚੜ੍ਹਦੀ ਵੇਖ ਕੇ ਹਿੰਦੀਆਂ ਵਿਚ ਗੁੱਸੇ ਦੀ ਲਹਿਰ ਉਠਣੀ ਸ਼ੁਰੂ ਹੋ ਗਈ। ਇਸ ਲਹਿਰ ਨੇ ਆਮ ਸਮਝ ਵਾਲੇ ਹਿੰਦੀਆਂ ਨੂੰ ਵੀ ਇਹ ਗਿਆਨ ਕਰਵਾ ਦਿੱਤਾ ਕਿ ਇਨ੍ਹਾਂ ਸਭ ਦੁੱਖਾਂ ਦੀ ਜੜ੍ਹ ਦੇਸ਼ ਦੀ ਗੁਲਾਮੀ ਹੈ। ਇਸ ਲਈ ਗੁਲਾਮੀ ਦੀਆਂ ਬੇੜੀਆਂ ਕੱਟਣ ਦਾ ਬੀੜਾ ਚੁਕਣਾ ਚਾਹੀਦਾ ਹੈ।

ਗ਼ਦਰ ਦੀ ਲਹਿਰ ਹੋਰ ਚੜ੍ਹਦੀਆਂ ਕਲਾਂ ਵਿਚ ਆ ਗਈ। ਹਿੰਦੀ ਮਜ਼ਦੂਰਾਂ ਨੇ ਡੋਮੀਨੀਅਨ ਹਾਲ ਕਰਾਏ ਉੱਤੇ ਲੈ ਕੇ ਕੈਨੇਡੀਅਨ ਲੋਕਾਂ ਨੂੰ ਆਪਣੇ ਦੁੱਖ ਦੱਸਣ ਲਈ ਭਾਰੀ ਜਲਸੇ ਦਾ ਪਰਬੰਧ ਕੀਤਾ। ਹਾਲ ਖਚਾ ਖਚ ਭਰਿਆ ਹੋਇਆ ਸੀ। ਸੈਂਕੜੇ ਕੈਨੇਡੀਅਨ ਵੀ ਦਰਸ਼ਕਾਂ ਵਿਚ ਆਏ ਬੈਠੇ ਸਨ। ਸਟੇਜ ਉੱਤੇ ਲਾਲ ਝੰਡਾ ਝੂਲ ਰਿਹਾ ਸੀ। ਹਸਨ ਰਹੀਮ ਦੇ ਸਟੇਜ ਉੱਤੇ ਆਉਂਦਿਆਂ ਹੀ 'ਬੰਦੇ ਮਾਤਰਮ" ਤੇ "ਭਾਰਤ ਮਾਤਾ ਕੀ ਜੈ" ਦੇ ਨਾਹਰਿਆਂ ਨਾਲ ਹਾਲ ਗੂੰਜ ਉੱਠਿਆ। ਉਸ ਨੇ ਅੰਗਰੇਜ਼ੀ ਵਿਚ ਬੜੇ ਵਿਦਵਤਾ ਭਰੇ ਤਰੀਕੇ ਨਾਲ, ਗੁਰੂ ਨਾਨਕ ਜਹਾਜ਼ ਦੇ ਮੁਸਾਫ਼ਰਾਂ ਨਾਲ ਬੀਤ ਰਹੀ ਦੁਖ ਭਰੀ ਵਿਥਿਆ ਸੁਣਾਈ, ਵਿਤਕਰੇ ਭਰੇ ਸਲੂਕ ਦਾ ਜ਼ਿਕਰ ਕੀਤਾ, ਨਸਲੀ ਵਿਤਕਰਾ ਕਰਨ ਵਾਲੇ ਲੋਕਾਂ ਨੂੰ ਮਿੱਠੀਆਂ ਮਿੱਠੀਆਂ ਲਾਹਨਤਾਂ ਪਾਈਆਂ। ਹਿੰਦੁਸਤਾਨ ਵਿਚ ਹੋ ਰਹੇ



ਕੇਸਰ ਸਿੰਘ ਨਾਵਲਿਸਟ

ਪਰਦੇਸਾਂ (ਇੰਗਲੈਂਡ, ਕੈਨੇਡਾ, ਅਮਰੀਕਾ, ਕੀਨੀਆ, ਸਵੀਡਨ) ਵਿੱਚ ਲਿਖੇ ਜਾ ਰਹੇ ਸਾਹਿਤ ਵਿੱਚੋਂ ਕੇਸਰ ਸਿੰਘ ਨਾਵਲਿਸਟ ਦੇ ਨਾਵਲ ਉਂਗਲਾਂ ਤੇ ਗਿਣੀਆਂ ਜਾ ਸਕਣ ਵਾਲੀਆਂ ਉਹਨਾਂ ਪੁਸਤਕਾਂ ਦੀ ਕਤਾਰ ਵਿੱਚ ਹਨ ਜਿਨ੍ਹਾਂ ਨੂੰ ਅਸੀਂ 'ਪਾਏਦਾਰ ਸਾਹਿਤਕ ਦੇਣ' ਕਹਿ ਸਕਦੇ ਹਾਂ। ਭਾਈ ਵੀਰ ਸਿੰਘ, ਸ: ਸ: ਚਰਨ ਸਿੰਘ ਸ਼ਹੀਦ, ਗਿਆਨੀ ਤ੍ਰਿਲੋਕ ਸਿੰਘ, ਨਰਿੰਦਰਪਾਲ ਸਿੰਘ, ਹਰਨਾਮ ਦਾਸ ਸਹਿਰਾਈ, ਨਾਨਕ ਸਿੰਘ (ਇਕ ਮਿਆਨ ਦੋ ਤਲਵਾਰਾਂ), ਸੋਹਣ ਸਿੰਘ ਸੀਤਲ (ਤੂਤਾਂ ਵਾਲਾ ਖੂਹ) ਤੇ ਸੰਤ ਸਿੰਘ ਸੇਖੋਂ (ਬਾ: ਆਸਮਾਨ) ਦੇ ਇਤਿਹਾਸਕ ਨਾਵਲਾਂ ਨੂੰ ਪੜ੍ਹਨ ਉਪਰੰਤ ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਕੇਸਰ ਸਿੰਘ ਪੰਜਾਬੀ ਦਾ ਸਰਵੋਤਮ ਇਤਿਹਾਸਕ ਨਾਵਲਕਾਰ ਹੈ। ਉਦਾਹਰਣ ਵਜੋਂ ਮੈਂ ਕੇਸਰ ਸਿੰਘ ਦੇ ਦੋ ਨਾਵਲਾਂ- 'ਸ਼ਹੀਦ ਊਧਮ ਸਿੰਘ' ਤੇ 'ਬਾਬਾ ਹਰੀ ਸਿੰਘ ਉਸਮਾਨ' ਤੇ ਇੰਨ੍ਹਾਂ ਹੀ ਵਿਸ਼ਿਆਂ ਉਤੇ ਲਿਖੇ ਗਏ ਨਾਵਲਾਂ 'ਜਲ੍ਹਿਆਂ ਵਾਲਾ ਬਾਗ' (ਗਿਆਨੀ ਤ੍ਰਿਲੋਕ ਸਿੰਘ) ਤੇ 'ਬਾਬਾ ਆਸਮਾਨ' (ਸੰਤ ਸਿੰਘ ਸੇਖੋਂ) ਨਾਲ ਤੁਲਨਾਤਮਕ - ਅਧਿਅਨ ਦੀ ਸਲਾਹ ਦੇ ਸਕਦਾ ਹਾਂ। ਇਹ ਗੱਲ ਹੋਰ ਵੀ ਪ੍ਰਭਾਵਸ਼ਾਲੀ ਹੈ ਕਿ ਕੇਸਰ ਸਿੰਘ ਨੇ ਆਪਣੇ ਨਾਵਲਾਂ ਵਿਚਲੇ ਪ੍ਰਭਾਵਾਂ ਨੂੰ 'ਆਜ਼ਾਦ ਹਿੰਦ ਫ਼ੌਜ' ਦੀ ਪਹਿਲੀ ਸਫ਼ ਵਿਚ ਆਪਣੇ ਕ੍ਰਾਂਤੀਕਾਰੀ ਜੀਵਨ ਸਮੇਂ ਆਪਣੇ ਪਿੰਡੇ ਤੇ ਹੰਢਾਇਆ ਹੈ।

(ਸੁਰਿੰਦਰ ਧੰਜਲ)



ਬਾਬਾ ਹਰੀ ਸਿੰਘ ਉਸਮਾਨ



Hari Singh Usman
V. P.o. Baddowal
Dist Ludhiana
East Punjab india

(ਬਾਬਾ ਉਸਮਾਨ ਵੱਲੋਂ
ਕੇਸਰ ਸਿੰਘ ਨਾਵਲਿਸਟ ਨੂੰ
25.7.62 ਨੂੰ
ਲਿਖੀ ਚਿੱਠੀ)

ਜ਼ੁਲਮਾਂ ਦਾ ਸੰਖੇਪ ਜ਼ਿਕਰ ਕੀਤਾ। ਕੈਨੇਡੀਅਨ ਸਰਕਾਰ ਦੀ ਧੱਕੇਸ਼ਾਹੀ ਦਸਦਿਆਂ, ਉਸ ਨੇ ਜਹਾਜ਼ ਦੇ ਮੁਸਾਫ਼ਰਾਂ ਦਾ ਰਾਸ਼ਨ ਮੁਕ ਜਾਣ ਦਾ ਜ਼ਿਕਰ ਕੀਤਾ। ਅੰਤ ਵਿਚ ਉਸ ਨੇ ਲਾਲ ਝੰਡੇ ਵੱਲ ਇਸ਼ਾਰਾ ਕਰਦਿਆਂ ਬੜੇ ਜੋਸ਼ ਵਿਚ ਆ ਕੇ ਕਿਹਾ, "ਇਹ ਝੰਡਾ ਸਾਰੀ ਦੁਨੀਆ ਦੇ ਲੋਕਾਂ ਦਾ ਹੈ। ਇਕ ਨਸਲ ਦਾ ਨਹੀਂ, ਇਕ ਮਜ਼੍ਹਬ ਦਾ ਨਹੀਂ, ਇਕ ਦੇਸ਼ ਦਾ ਨਹੀਂ। ਸਾਰੀ ਦੁਨੀਆਂ ਦੀ ਸਾਂਝ ਇਸ ਝੰਡੇ ਵਿਚ ਪਰਗਟ ਹੈ। ਗੋਰੇ, ਭੂਰੇ, ਪੀਲੇ, ਕਾਲੇ, ਸਭ ਲੋਕਾਂ ਦੀਆਂ ਰਗਾਂ ਵਿਚ ਇੱਕੋ ਰੰਗ ਦਾ ਖ਼ੂਨ ਚਲ ਰਿਹਾ ਹੈ। ਜਦ ਤਕ ਇਹ ਲਾਲ ਖ਼ੂਨ ਪੂਰੇ ਤੌਰ ਤੇ ਨਹੀਂ ਖੌਲੇਗਾ, ਦੁਨੀਆ ਉੱਤੇ ਮੁੱਠੀ ਭਰ ਵਿਹਲੜ ਤੇ ਕੰਮ-ਚੋਰ ਲੋਕ ਕਬਜ਼ਾ ਕਰੀ ਰੱਖਣਗੇ। ਇਨ੍ਹਾਂ ਮੁੱਠੀ ਭਰ ਚੋਰਾਂ ਨੇ ਅਜ ਮਜ਼ਦੂਰਾਂ ਦੇ ਜਹਾਜ਼ ਨੂੰ ਸਮੁੰਦਰ ਦੇ ਵਿਚਕਾਰ ਰੋਕਿਆ ਹੋਇਆ ਹੈ। ਨਾ ਉਨ੍ਹਾਂ ਨੂੰ ਉਤਰਨ ਦੇਂਦੇ ਹਨ, ਨਾ ਕਿਸੇ ਨੂੰ ਮਿਲਣ ਦੇਂਦੇ ਹਨ ਤੇ ਨਾ ਰਾਸ਼ਨ ਪਾਣੀ ਅੰਦਰ ਜਾਣ ਦੇਂਦੇ ਹਨ। ਇਸ ਨਾਲੋਂ ਵਧ ਧੱਕਾ ਕੀ ਹੋ ਸਕਦਾ ਹੈ?'

ਫਿਰ ਉਸ ਨੇ ਉਚੇਚੇ ਤੌਰ ਤੇ ਕੈਨੇਡੀਅਨ ਭਰਾਵਾਂ ਨੂੰ ਸੰਬੋਧਨ ਕਰ ਕੇ ਕਿਹਾ, "ਕਈ ਭੁੱਲੜ ਕੈਨੇਡੀਅਨ ਮਜ਼ਦੂਰ ਇਨ੍ਹਾਂ ਮੁੱਠੀ ਭਰ ਵਿਹਲੜਾਂ ਦੇ ਪਿੱਛੇ ਲਗ ਕੇ ਕਾਲੇ-ਗੋਰੇ ਦਾ ਸੁਆਲ ਪੈਦਾ ਕਰ ਰਹੇ ਹਨ, ਤੇ ਇਸ ਤਰ੍ਹਾਂ ਮਜ਼ਦੂਰਾਂ ਵਿਚ ਫੁਟ ਪਾ ਕੇ ਆਪਣਾ ਹਲਵਾ ਮਾਂਡਾ ਬਣਾਈ ਰਖਣਾ ਚਾਹੁੰਦੇ ਹਨ, ਦੁਨੀਆ ਵਿਚ ਕੇਵਲ ਦੋ ਤਬਕੇ ਹਨ, ਇਕ ਕਾਮੇ ਤੇ ਦੂਜੇ ਵਿਹਲੜ। ਇਸ ਲਈ ਸਾਰੀ ਦੁਨੀਆ ਦੇ ਕਾਮਿਆਂ ਨੂੰ ਇਕ ਹੋਣਾ ਹੀ ਪਵੇਗਾ, ਵਿਹਲੜਾਂ ਦੇ ਜੂਲੇ ਹੇਠੋਂ ਨਿਕਲਣ ਲਈ।"

ਫਿਰ ਉਸ ਨੇ ਲਾਲ ਝੰਡੇ ਵੱਲ ਇਸ਼ਾਰਾ ਕਰ ਕੇ ਕਿਹਾ, "ਇਸ ਝੰਡੇ ਦੀ ਅਗਵਾਈ ਵਿਚ ਸਾਰੇ ਕਾਮੇ ਇਕ ਹੋ ਜਾਓ। ਨਸਲੀ ਤੇ ਮਜ਼੍ਹਬੀ ਵਿਤਕਰੇ ਛਡ ਕੇ ਸਾਂਝੀਵਾਲਤਾ ਦੇ ਸਿਪਾਹੀ ਬਣੋ। ਸਾਡੇ ਮਜ਼ਦੂਰ ਭਰਾਵਾਂ ਨੂੰ ਕੈਨੇਡਾ ਦੀ ਧਰਤੀ ਉੱਤੇ ਉਤਾਰਨ ਲਈ ਸਾਡੀ ਮਦਦ ਕਰੋ। ਜਹਾਜ਼ ਦੇ ਸਾਰੇ ਮੁਸਾਫ਼ਰ ਕਿਸਾਨ ਤੇ ਮਜ਼ਦੂਰ ਹਨ। ਕਿਸਾਨ ਤੇ ਮਜ਼ਦੂਰ ਹੀ ਦੁਨੀਆ ਦੇ ਲੋਕਾਂ ਦੀ ਰੀੜ੍ਹ ਦੀ ਹੱਡੀ ਹਨ।"

ਹਸਨ ਰਹੀਮ ਅਜੇ ਬੋਲ ਹੀ ਰਿਹਾ ਸੀ ਕਿ ਇਕ ਕੈਨੇਡੀਅਨ ਨੇ ਸ੍ਰੋਤਿਆਂ ਵਿੱਚੋਂ ਖੜੇ ਹੋ ਕੇ ਕਿਹਾ, "ਮੈਂ ਕੁਝ ਕਹਿਣਾ ਚਾਹੁੰਦਾ ਹਾਂ।"

ਉਸੇ ਵੇਲੇ ਉਸ ਨੂੰ ਸਟੇਜ ਉਤੇ ਬੁਲਾ ਲਿਆ ਗਿਆ। ਉਸ ਨੇ ਆਉਂਦਿਆਂ ਹੀ ਕਿਹਾ, "ਮੈਂ ਵਿੱਚੋਂ ਹੀ ਉਠ ਕੇ ਬੋਲਣ ਦੀ ਮਾਫ਼ੀ ਮੰਗਦਾ ਹਾਂ। ਇਹ ਮੇਰੀ ਗ਼ਲਤੀ ਹੈ। ਮੈਂ ਆਪਣੇ ਆਪ ਨੂੰ ਕਾਬੂ ਨਹੀਂ ਰਖ ਸਕਿਆ। ਦੂਜੀ ਗੱਲ ਇਹ ਹੈ ਕਿ ਕਿਹਾ ਚੰਗਾ ਹੁੰਦਾ ਕਿ ਮੈਂ ਹਿੰਦੀਆਂ ਦੀ ਬੋਲੀ ਵਿਚ ਬੋਲ ਕੇ, ਜੋ ਕਹਿਣਾ ਚਾਹੁੰਦਾ ਹਾਂ, ਕਹਿ ਸਕਦਾ। ਪਰ ਮਜਬੂਰੀ ਵਿਚ ਮੈਂ ਅੰਗਰੇਜ਼ੀ ਵਿਚ ਹੀ ਗੱਲ ਕਹਾਂਗਾ। ਮੈਨੂੰ ਪਤਾ ਹੈ ਕਿ ਤੁਸੀਂ ਬਹੁਤ ਸਾਰੇ ਲੋਕ ਕੇਵਲ ਅੰਗਰੇਜ਼ੀ ਸਮਝ ਹੀ ਨਹੀਂ ਸਕਦੇ, ਸਗੋਂ ਅੰਗਰੇਜ਼ੀ ਦੇ ਵਿਦਵਾਨ ਹੋ।

"ਪਹਿਲੀ ਗੱਲ ਮੈਂ ਇਹ ਪੁਛਦਾ ਹਾਂ ਆਪਣੇ ਕੈਨੇਡੀਅਨ ਭਰਾਵਾਂ ਨੂੰ ਕਿ ਤੁਸੀਂ ਸਾਰੇ ਕ੍ਰਿਸਚੀਅਨ ਹੋ। ਕਰਾਈਸਟ ਨੂੰ ਮੰਨਦੇ ਹੋ। ਤੁਸੀਂ ਮੈਨੂੰ ਇਹ ਦੱਸੋ ਕਿ ਕਰਾਈਸਟ ਕਾਲਾ ਸੀ ਜਾਂ ਗੋਰਾ? ਭੂਰਾ ਸੀ ਜਾਂ ਪੀਲਾ? ਕੀ ਉਹ ਗੋਰਿਆਂ ਲਈ ਸੂਲੀ ਚੜ੍ਹਿਆ ਸੀ? ਉਸ ਨੂੰ ਮੰਨਣ ਵਾਲਿਓ! ਜਾਂ ਉਸ ਨੂੰ ਮੰਨਣਾ ਛਡ ਦਿਓ ਜਾਂ ਨਸਲੀ ਵਿਤਕਰੇ ਛਡ ਦਿਓ। ਜੇ ਤੁਸੀਂ ਕ੍ਰਿਸਚੀਅਨ ਵੀ ਬਣੇ ਰਹਿਣਾ ਚਾਹੁੰਦੇ ਹੋ ਤੇ ਨਸਲੀ ਵਿਤਕਰੇ ਵੀ ਰਖਣੇ ਹਨ, ਤਾਂ ਇਨਸਾਨੀਅਤ ਵਿੱਚੋਂ ਖ਼ਾਰਜ ਹੋ ਜਾਓਗੇ। ਤੁਸੀਂ ਅਖਾਉਤੀ ਕ੍ਰਿਸਚੀਅਨ ਤਾਂ ਰਹਿ ਸਕੋਗੇ, ਪਰ ਇਨਸਾਨ ਨਹੀਂ ਅਖਵਾ ਸਕੋਗੇ। ਤੁਸੀਂ ਆਪਣੇ ਆਪ ਨੂੰ ਧੋਖਾ ਦੇ ਰਹੇ ਹੋਵੋਗੇ, ਤੇ ਆਪਣੇ ਪੈਗੰਬਰ ਕਰਾਈਸਟ ਨੂੰ ਵੀ ਮੁੜ ਸੂਲੀ ਟੰਗਣ ਲਈ ਤਿਆਰ ਹੋ ਜਾਓਗੇ।"

ਉਹ ਏਨਾ ਹੀ ਕਹਿ ਕੇ ਸਟੇਜ ਉੱਤੋਂ ਉਤਰ ਖਲੋਤਾ, ਸਾਰਾ ਹਾਲ ਤਾਲੀਆਂ ਨਾਲ ਗੂੰਜ ਉਠਿਆ।

ਜਦ ਜਲਸਾ ਖ਼ਤਮ ਹੋਇਆ, ਤਾਂ ਕਿਸੇ ਨੇ ਉੱਚੀ ਸਾਰੀ ਹਾਲ ਦੇ ਬੂਹੇ ਵੱਲ ਇਸ਼ਾਰਾ ਕਰਦਿਆਂ ਕਿਹਾ, "ਬਚ ਕੇ ਰਿਹੋ, ਦੁਮੂੰਹੀ ਖੜੀ ਜੇ ਬਾਰ ਵਿਚ। ਬੇਲਾ ਵੀ ਨਾਲੇ ਸੂ।"

## ਮੈਨਤਾ ਵੱਲੋਂ ਐੱਸ.ਐੱਲ.ਏਕ ਦੇ ਨਾਂ

ਇਕਬਾਲ ਰਾਮੂਵਾਲੀਆ

ਮੈਂ ਅੱਜ ਵੀ ਯਾਦ ਕਰਦੀ ਹਾਂ
ਉਹ ਵਾਅਦੇ ਤੇ ਕਰਾਰ!
ਜਿਵੇਂ ਕਿ ਹਾਰਿਆ ਹੋਇਆ
ਕੋਈ ਉਮੀਦਵਾਰ —
ਤੱਕੇ ਕੰਧ 'ਤੇ
ਆਪਣੇ ਹੀ ਨਾਂ ਦੇ ਇਸ਼ਤਿਹਾਰ !!

(TORONTO, ONTARIO)

## ਕਾਗ਼ਜ਼ ਦੇ ਫੁੱਲ

ਸੁਖਿੰਦਰ

ਮੈਂ ਕਿੰਝ ਆਖਾਂ
ਤੇਰੇ ਘਰ ਤੋਂ ਮੇਰੇ ਘਰ ਤੱਕ
ਕੋਈ ਵੀ ਰਾਹ ਨਹੀਂ ਜਾਂਦਾ
ਐਵੇਂ ਸੰਕੋਚ ਦਾ ਮਾਰਾ
ਨਾ ਤੈਨੂੰ ਆਖ ਸਕਿਆ ਸਾਂ
ਗੁਲਦਾਨਾਂ 'ਚ ਕਾਗ਼ਜ਼ ਦੇ ਫੁੱਲ
ਮੈਨੂੰ ਚੰਗੇ ਨਹੀਂ ਲਗਦੇ
ਨਾ ਗੁਲਾਬੀ ਬੁੱਲ੍ਹ ਤੇਰੇ ਦੀ
ਨਾ ਮਸਖਰੇ ਦੀ ਬਕਬਕੀ ਅਦਾ ਕੋਈ

ਬਹੁਤ ਚਿਰ ਪਹਿਲਾਂ
ਮੇਰਾ ਚਿਹਰਾ, ਮੇਰੀ ਆਵਾਜ਼
ਮੇਰਾ ਜਿਸਮ, ਮੇਰੇ ਆਪਣੇ ਸਨ
ਹੁਣ ਕੁਝ ਵੀ ਨਹੀਂ ਮੇਰਾ
ਥੱਕ ਗਿਆ ਹਾਂ
ਨਾਟਕੀ ਚਿਹਰੇ ਦੇ ਪਿੱਛੇ
ਨਾਟਕੀ ਸੁਰ ਅਲਾਪ

ਮੈਂ ਤੁਹਾਡਾ ਖੇਲ ਵਾਪਸ ਮੋੜਦਾ ਹਾਂ
ਤੁਸੀਂ ਮੇਰੇ ਅੰਗ ਵਾਪਸ ਮੋੜ ਦੇਵੋ
ਮੋੜ ਦੇਵੋ,
ਮੇਰੀ ਪਹਿਲੀ ਚੀਕ
ਮੇਰਾ ਪਹਿਲਾ ਸ਼ਬਦ

ਮੈਂ ਕਿੰਝ ਆਖਾਂ
ਗੁਲਦਾਨਾਂ 'ਚ ਕਾਗ਼ਜ਼ ਦੇ ਫੁੱਲ
ਮੈਨੂੰ ਚੰਗੇ ਨਹੀਂ ਲਗਦੇ।

(TORONTO, ONTARIO)

## ਮੈਂ ਅਤੇ ਫੁੱਲ

ਦਰਸ਼ਨ ਬੈਂਸ

"ਫੁੱਲ!
ਤੂੰ ਧਰਤੀ ਦੀ ਕੁੱਖੋਂ ਜਨਮ ਲੈ ਕੇ
ਸਾਰਾ ਦਿਨ ਕਿਵੇਂ ਖਿੜਿਆ ਰਹਿਨੈਂ
ਆਉਂਦੇ ਜਾਂਦਿਆਂ ਨੂੰ ਮੁਸਕਾਨ ਦੇ ਕੇ
ਦਿਲਾਂ ਦੇ ਹਾਣੀਆਂ ਨੂੰ ਪੈਗ਼ਾਮ ਦੇ ਕੇ
ਕਿਸੇ ਸੋਹਣੀ ਦੇ ਜੂੜੇ ਦਾ ਸ਼ਿੰਗਾਰ ਹੁੰਨੈਂ
ਉਹਦੇ ਮਾਹੀਏ ਦੇ ਗਲ ਦਾ ਹਾਰ ਹੁੰਨੈਂ
ਕਿਸੇ ਬੱਚੇ ਦੇ ਦਿਲ ਦਾ ਪਿਆਰ ਹੁੰਨੈਂ

ਤੂੰ ਕਦੇ ਇਹ ਵੀ ਸੋਚਿਆ
ਜਦੋਂ ਸ਼ਾਮ ਢੁੱਕਣ ਲਗਦੀ ਹੈ
ਉਸ ਸੋਹਣੀ ਨੇ ਜੂੜੇ ਤੋਂ ਫੁੱਲ ਲਾਹ ਕੇ
ਆਪਣੇ ਮਾਹੀਏ ਨੂੰ ਬਾਹਵਾਂ ਦਾ ਹਾਰ ਪਾ ਕੇ
ਤੇਰੇ ਸਾਹਮਣੇ ਹੀ ਤੈਨੂੰ ਸ਼ਰਮਸ਼ਾਰ ਕਰਨੈ

ਤੇਰਾ ਪੱਤੀ ਪੱਤੀ ਹੋ ਕੇ ਕਿਰ ਜਾਣਾ
ਉਸ ਚੰਦਰੀ ਮੇਜ਼ ਦੇ ਹੇਠ ਆ ਕੇ
ਰੋ ਕੇ ਤੜਫਦਿਆਂ ਤੜਫਦਿਆਂ ਮਰ ਜਾਣਾ...
ਛੱਡ ਦੋਸਤ!
ਤੇਰੇ ਨਾਲ ਇਹੋ ਬੇਰਹਿਮੀ
ਮੈਂ ਨਹੀਂ ਬਰਦਾਸ਼ਤ ਕਰ ਸਕਦੀ।"

"ਫੁੱਲ ਤਾਂ ਸਦਾ ਹੀ ਫੁੱਲ ਰਹਿੰਦੇ
ਖਿੜੇ ਰਹਿੰਦੇ ਜਾਂ ਭਾਵੇਂ ਮੁਰਝਾ ਜਾਂਦੇ
ਇਕ ਵਾਰੀ ਤਾਂ ਦੇਸ ਜਹਾਨ ਆ ਕੇ
ਮਹਿਕ ਆਪਣੀ ਉਹ ਖਿੰਡਾ ਜਾਂਦੇ।"

(RICHMOND, B.C.)

## ਆਦਤ

ਅਮਰਜੀਤ ਚਾਹਲ

ਮੈਂ ਸ਼ੁਕਰ ਕਰਦਾ ਹਾਂ
ਬਚਪਨ ਵਿਚ
ਜਿਸ ਖਾਧਾ ਹੋਵੇ ਗੁੜ
ਕਿਵੇਂ ਭੁਲ ਸਕਦਾ ਉਹ
ਬੇਸ਼ੱਕ ਉਸ ਸਾਹਮਣੇ
ਰੰਗ-ਬਰੰਗੀਆਂ
ਸ਼ਕਲਾਂ ਵਾਲੀਆਂ
ਕੈਂਡੀਆਂ ਟਾਫ਼ੀਆਂ ਦੇ ਢੇਰ ਹੋਣ
ਗੁੜ, ਜਿਸਦੇ ਖਾਧਿਆਂ
ਬਾਰਸ਼ ਦੇ ਦਿਨੀਂ
ਜਿਥੇ ਮੱਛਰ ਲੜੇ, ਖ਼ੁਰਕ ਆਵੇ
ਧੱਫੜ ਬਣੇ
ਤੇ ਉਹ ਫੋੜਾ ਬਣ ਜਾਵੇ।
ਫੋੜੇ ਦੇ ਖਰੀਂਢ ਤੇ ਬੈਠੀ ਮੱਖੀ
ਆਪਣੇ ਤਿੱਖੇ ਡੰਗ ਨਾਲ
ਠੋਕ ਬਜਾਵੇ।
ਉਸਦੀ ਕੀਟਾਣੂਆਂ ਭਰੀ ਜ਼ਬਾਨ
ਚੋਭਦਾਰ ਵਾਰ ਨਾਲ ਸਾਨੂੰ ਜਗਾਵੇ।
ਸੁਫ਼ਨੇ ਤੋਂ
ਗੁਰੀਲੇ ਬਣ
ਮੱਖੀਆਂ ਦੀ ਧਾੜ ਨੂੰ
ਮਾਰ ਮੁਕਾਣ ਦੀ ਕੋਸ਼ਿਸ਼ ਕਰੀਏ।
ਬਾਰਸ਼ ਦੇ ਦਿਨੀਂ ਤਾਂ ਕੀ
ਉਥੇ ਮੱਖੀਆਂ ਦਾ, ਉਂਞ ਹੀ ਨਹੀਂ ਘਾਟਾ।
ਸ਼ਾਇਦ ਏਸੇ ਕਰਕੇ
ਮੱਖੀਆਂ ਮਾਰਨਾ
ਬੇਸੁਆਦੀ, ਰਸਹੀਣੀ
ਖੇਡ ਜਿਹੀ ਬਣ ਜਾਂਦੀ ਹੈ
... ਤੇ ਫਿਰ ਕੁਝ ਫੋੜੇ
ਜਿਸਮ ਤੋਂ ਹਟ ਜ਼ਿਹਨ ਤੇ ਹੁੰਦੇ
ਸੋਚ ਤੇ ਹੁੰਦੇ।
ਉਨ੍ਹਾਂ ਨੂੰ ਰਾਜ਼ੀ ਕਰਨ ਲਈ
ਉਨ੍ਹਾਂ ਤੇ ਬੈਠੀਆਂ ਮੱਖੀਆਂ ਮਾਰਨ ਲਈ
ਪ੍ਰਦੇਸ਼ ਆਏ
ਲੋਕ ਜੋਗੜੇ ਬਣੇ 'ਡਾਲਰ' ਕਮਾਏ।
... ਤੇ ਹੁਣ
ਇੰਞ ਲਗਦਾ
ਡਾਲਰਾਂ ਦੀਆਂ ਮੱਖੀਆਂ ਜਿਹੀਆਂ
ਮਾਰਨ ਦੀ ਵੀ ਆਦਤ ਪੈ ਗਈ ਹੋਵੇ।

(SQUAMISH, B.C.)

## ਕਲਮ ਅਤੇ ਤਲਵਾਰ

ਸੁਰਿੰਦਰ ਪੰਜ਼ਲ

'ਕਲਮ ਅਤੇ ਤਲਵਾਰ' ਅੱਜ ਵੀ, ਆਪਣੇ ਅੰਗ ਸੰਗ ਸਮਝਣ ਤੈਨੂੰ !
'ਸ਼ੁਭ ਕਰਮਨ ਤੇ ਕਬਹੂੰ ਨਾ ਟਰਹੂੰ', ਦੇਹ ਗੋਬਿੰਦ ਸਿੰਘ ! ਇਹ ਵਰ ਮੈਨੂੰ !

'ਕਲਮ ਅਤੇ ਤਲਵਾਰ' ਨਾਲ ਤੂੰ, ਅੱਗ ਜ਼ੁਲਮ ਦੀ ਆਣ ਬੁਝਾਈ !
ਰੂਹ ਨਵੇਲੀ ਫੂਕ ਦਿੱਤੀ ਸੀ, ਬੁਜ਼ਦਿਲ ਦੇ ਵਿੱਚ ਗ਼ੈਰਤ ਪਾਈ !

ਤੇਰੀ ਛੂਹ ਪਾਵਣ ਤੋਂ ਪਹਿਲਾਂ, ਰੁਲਦੀ ਹੈ ਸੀ ਭਾਰਤ-ਭੂਮੀ !
ਜਾਬਰ ਦੇ ਪੈਰਾਂ ਦੀ ਜੁੱਤੀ, ਮੁੱਲਦੀ ਹੈ ਸੀ ਭਾਰਤ-ਭੂਮੀ !

ਤੂੰ ਆ ਇਸਦੇ ਅੱਥਰੂ ਪੂੰਝੇ, ਐਸਾ ਇਸਨੂੰ ਜਾਮ ਪਿਲਾਇਆ !
ਇਸਦੀ ਰੂਹ ਤਾਈਂ ਨਸ਼ਿਆਇਆ, ਫਰਸ਼ੋਂ ਚੁੱਕਿਆ ; ਅਰਸ਼ ਚੜ੍ਹਾਇਆ !

ਕੇਹਾ ਸੀ ਉਹ ਅਜਬ ਨਜ਼ਾਰਾ, ਜਦ ਤੂੰ ਸਾਜੇ ਪੰਜ-ਪਿਆਰੇ !
ਜਿੰਨ੍ਹਾਂ ਝੁਕਣਾ ਕਦੇ ਨਾ ਸਿੱਖਿਆ, ਦੁੱਖਾਂ ਸਾਹਵੇਂ ਕਦੇ ਨਾ ਹਾਰੇ !

ਦੋ ਅਧਖਿੜੀਆਂ ਕਲੀਆਂ ਨੂੰ ਸੀ, ਨੀਹਾਂ ਦੇ ਵਿੱਚ ਤੂੰ ਚਿਣਵਾਇਆ !
ਦੋ ਹਸਦੇ ਹੋਏ ਫੁੱਲਾਂ ਨੂੰ ਤੂੰ, ਆਪ ਜੰਗ ਦੀ ਭੇਟ ਚੜ੍ਹਾਇਆ !

ਮਾਤਾ ਦੇ ਪੁੱਛਣ ਤੇ ਦੱਸਿਆ, "ਮੈਂ ਉਹ ਚਾਰੇ ਵਾਰ ਦਿੱਤੇ ਨੇ !
ਪਰ ਤੂੰ ਸਖੀ ! ਉਦਾਸ ਨਾ ਹੋਈਂ, ਜੀਵਤ ਕਈ ਹਜ਼ਾਰ ਦਿੱਤੇ ਨੇ !"

ਛੂਤ-ਛਾਤ ਨੂੰ ਪਿੱਛੇ ਸੁੱਟਕੇ, ਮਾਨਵਤਾ ਨੂੰ ਸਬਕ ਸਿਖਾਇਆ !
ਡਿੱਗੇ, ਧੱਕੇ, ਨੀਵਿਆਂ ਤਾਈਂ, 'ਤਾਂਹ ਉਠਾਇਆ, ਗਲ ਨਾਲ ਲਾਇਆ !

ਸੱਚ ਆਖਾਂ ਓ ਮਿੱਤਰ ਪਿਆਰੇ ! ਜਦ ਤੂੰ ਏਥੇ ਫੇਰਾ ਪਾਇਆ !!
ਖਿਜ਼ਾਂ ਬਦਲੀਆਂ ਵਿੱਚ ਬਹਾਰਾਂ, ਮਹਿਕ ਉੱਠੀ ਸੀ ਉਜੜੀ ਕਾਇਆ !

'ਕਲਮ' ਤੇਰੀ ਏਹੋ ਵਰ ਮੰਗੇ —'ਸ਼ੁਭ ਕਰਮਨ ਤੇ ਨਹੀਂ ਟਰਾਂ ਮੈਂ',
ਲੋੜ ਪਵੇ ਤਾਂ ਦੂਜਿਆਂ ਖਾਤਰ, ਰਣ ਅੰਦਰ ਹੀ ਜੂਝ ਮਰਾਂ ਮੈਂ !'

ਨਾ ਕੋ ਵੈਰੀ, ਨਾਹੀਂ ਬਿਗਾਨਾ, ਸਭ ਨੂੰ ਇੱਕੋ ਜੇਹਾ ਜਾਣੇ !
ਇੱਕੋ ਨੂਰੋਂ ਉਪਜੇ ਸਾਰੇ, 'ਮਾਨਸ ਜਾਤ, ਏਕ ਪਹਿਚਾਣੋਂ' !

ਤਿੰਨ ਸਦੀਆਂ ਤੋਂ 'ਕਲਮ' ਤੇਰੀ ਦੇ, ਗੂੰਜਣ ਬੋਲ ਪਏ ਅਣਖੀਲੇ—
"ਚੱਕ ਲਵੋ 'ਤਲਵਾਰ' ਉਦੋਂ ਜਦ, ਮੁੱਕ ਜਾਂਦੇ ਨੇ ਸਾਰੇ ਹੀਲੇ" !

'ਕਲਮ' ਨਾਲ ਇਓਂ ਸੋਨ-ਸੁਨਿਹਰੀ, ਦੱਸੀ ਜੀਵਨ-ਚਾਲ ਸੀ ਤੂੰ ਹੀ !
ਜ਼ਿੰਦਗੀ ਤਾਈਂ ਜ਼ਿੰਦਗੀ ਬਖਸ਼ੀ, ਫਿਰ 'ਤਲਵਾਰ' ਨਾਲ ਸੀ ਤੂੰ ਹੀ !

ਹਿੰਦੂ-ਮੁਸਲਿਮ ਤੈਨੂੰ ਇੱਕੋ, ਕਿਸੇ ਨਾਲ ਨਾ ਤੇਰੀ ਲੜਾਈ !
ਜੋ ਤੂੰ ਸੀ 'ਤਲਵਾਰ' ਉਠਾਈ, ਜ਼ੁਲਮ ਵਿਰੁੱਧ ਤਲਵਾਰ ਉਠਾਈ !

ਅੰਧਕਾਰ 'ਚੋਂ ਚਾਨਣ ਲਭਦਿਆਂ ਦੇ ਤੂੰ ਆ ਜ਼ਖਮਾਂ ਨੂੰ ਭਰਿਆ !
'ਕਲਮ ਅਤੇ ਤਲਵਾਰ' ਨਾਲ ਤੂੰ, ਨਾਮ ਹਿੰਦ ਤੇ ਰੋਸ਼ਨ ਕਰਿਆ !

'ਮਹਾਂ-ਕ੍ਰਾਂਤੀਕਾਰੀ' ਸਾਜਨ ! ਗੁਣਾਂ ਨਾਲ ਭਰਪੂਰ ਓ ਪਿਆਰੇ !!
'ਸੰਤ-ਸਿਪਾਹੀ', 'ਪਰਮ-ਮਨੁੱਖ' ਤੇ ਜੋਧੇ ਸੂਰਬੀਰ ਓ ਪਿਆਰੇ !

'ਕਲਮ ਅਤੇ ਤਲਵਾਰ' ਅੱਜ ਵੀ, ਆਪਣੇ ਅੰਗ ਸੰਗ ਸਮਝਣ ਤੈਨੂੰ !
'ਸ਼ੁਭ ਕਰਮਨ ਤੇ ਕਬਹੂੰ ਨਾ ਟਰਹੂੰ', ਦੇਹ ਗੋਬਿੰਦ ਸਿੰਘ ! ਇਹ ਵਰ ਮੈਨੂੰ !

ਮਿੰਨੀ ਸਥਾਈ ਕਾਲਮ

## ਬੁਝਾਰਤ ਇੰਦਰੇਸ਼

"ਇਹ ਘਰ ਕੰਜਰਾਂ ਦਾ ਨਹੀਂ, ਇਹ ਕੁੱਤ-ਪਉ ਇਥੇ ਨਹੀਂ ਚੱਲਣਾ; ਜੇ ਏਸੇ ਤਰ੍ਹਾਂ ਈ ਕਰਨੀ ਹੈ ਤਾਂ ਪਹਿਲੀ ਤੋਂ ਕਮਰਾ ਖ਼ਾਲੀ ਕਰਦੇ!", ਮੈਂ ਸ਼ਰਾਬ ਦਾ ਚੌਥਾ ਹਾੜਾ ਪੀਣ ਨੂੰ ਫਿਰਦਾ ਸੀ ਕਿ ਪੌੜੀਆਂ ਉਤਰ ਰਿਹਾ ਮਾਲਕ ਮਕਾਨ ਮੇਰੇ ਤੇ ਟੁੱਟ ਪਿਆ।

"ਗੱਲ ਕੀ ਹੈ ਆਖ਼ਰ?"

"ਬੜਾ ਚਲਾਕ ਬਣਦੈਂ ਜਿਵੇਂ ਪਤਾ ਈ ਨਹੀਂ ਹੁੰਦਾ – ਮੇਰੇ ਘਰ ਵਾਲੀ ਕਹਿੰਦੀ ਹੈ ਤੇਰੇ ਕੋਲ ਕੱਲ੍ਹ ਦੋ ਕੁੜੀਆਂ...!", ਸ਼ਰਾਬ ਦੀ ਖੁੱਲ੍ਹੀ ਬੋਤਲ ਦੇਖਕੇ ਇਸ ਵਾਰ ਉਹ ਥੋੜ੍ਹਾ ਨਰਮੀ ਨਾਲ ਬੋਲਿਆ।

"ਜੇ ਨਾਂ ਆਈਆਂ ਹੋਣ, ਫਿਰ...?," ਮੈਂ ਉਹਦੇ ਲਈ ਸ਼ਰਾਬ ਪਾਉਂਦਿਆਂ ਆਖਿਆ।

"ਸੱਦਾਂ ਆਪਣੀ ਵਾਈਫ਼ ਨੂੰ ਤੇ ਕਰਾਵਾਂ ਤੇਰੇ ਮੂੰਹ 'ਤੇ?"

"ਹਾਂ ਆਈਆਂ ਸਨ, ਉਹ ਮੇਰੀਆਂ ਬਹੁਤ ਅੱਛੀਆਂ ਦੋਸਤ ਹਨ...!", ਮੈਂ ਮੰਨ ਗਿਆ।

"ਜੇ ਪਹਿਲਾਂ ਹੀ ਮੰਨ ਜਾਂਦਾ... ...!", ਸ਼ਰਾਬ ਖ਼ਤਮ ਕਰਦਿਆਂ ਉਹ ਮੇਰੇ ਕੰਨ 'ਚ ਕਹਿਣ ਲੱਗਾ, "ਤੇਰੇ ਕੋਲ ਤਾਂ ਬਥੇਰੀਆਂ, ਸਾਡਾ ਵੀ ਖ਼ਿਆਲ ਰੱਖੀਂ।"

"ਗੱਲ ਸੁਣ ਯਾਰ, ਇਹ ਕਹਿਕੇ ਆਪਣੀ ਵਾਈਫ਼ ਦੀ ਇਨਸਲਟ ਤਾਂ ਨਾਂ ਕਰ – ਕੀ ਨਹੀਂ ਉਸ ਵਿੱਚ?" ਉਸਦੀ ਸਾਰੀ ਸ਼ਰਾਬ ਉਤਰ ਗਈ ਪਰ ਉਹ ਪੈਂਤੜਾ ਬਦਲਦਾ ਹੋਇਆ ਬੋਲਿਆ, "ਤੂੰ... ਤੂੰ... ਤੂੰ ਸਮਝਿਆ ਨਹੀਂ; ਤੇਰੀ ਭਰਜਾਈ ਯਾਨੀ ਮੇਰੀ ਘਰ ਵਾਲੀ ਦੇ ਭਰਾ ਦਾ ਮੁੰਡਾ ਆਇਐ ਨਵਾਂ ਸਹੁਰਾ ਵਿਜ਼ਟਰ – ਬਥੇਰਾ ਰੋਕਿਆ ਸੀ – 2000 ਡਾਲਰ ਤਾਂ ਏਅਰਪੋਰਟ ਤੇ ਜ਼ਮਾਨਤ ਦਿੱਤੀ – ਹੁਣ ਸੋਚਦੇ ਆਂ ਕੋਈ ਵਿਆਹ ਦਾ ਈ ਚੱਕਰ ਚੱਲ ਜਾਏ ਲੈ ਦੇ ਕੇ – ਤੇਰੀਆਂ ਤਾਂ ਬਥੇਰੀਆਂ ਵਾਕਫ਼ ਨੇ ਕਰਾਦੇ ਸਾਡਾ ਵੀ ਕੰਮ... ਹੈਂ...!"

---

(ਜਨਮ ਪਿੰਡ... ... ਕਵਿਤਾ ਦੀ ਬਾਕੀ)

ਪਹਾੜੀ ਦੀ ਚੋਟੀ ਤੋਂ
ਪੰਜ ਸੌ ਮਣ ਦਾ ਪੱਥਰ ਮੋਰਾਂ ਸਮੇਤ
ਪਹਾੜੀ ਦੇ ਪੈਰਾਂ 'ਚ ਆ ਡਿੱਗਾ
ਅੱਜ ਵੀ ਮੋਰ ਉਸ ਪੱਥਰ ਹੇਠ
ਦਫ਼ਨ ਹੈ।
ਕੁਝ ਦੂਰੀ ਤੇ
ਨੌ-ਲੱਖ ਦੇ ਮਿਜ਼ਾਰ 'ਚ
ਸੈਂਕੜੇ ਮਜ਼ੋਰਾਂ ਦੀ ਰੂਹ
ਭੇਟ ਦੇ ਸਿੱਕਿਆਂ ਹੇਠ
ਜ਼ਿੰਦਾ ਦਫ਼ਨ ਹੈ।

(5)

ਸੰਧਿਆ ਵੇਲੇ ਮਮਤਾਜ਼ ਦਾ ਅੱਬਾ
ਬਾਗ਼ 'ਚੋਂ ਜਨੌਰਾਂ ਦੀਆਂ ਡਾਰਾਂ ਉਡਾ ਰਿਹਾ ਸੀ
ਸਰਹੱਦ ਦੇ ਆਰੋਂ-ਪਾਰੋਂ
ਜਾਨਵਰਾਂ ਦੀਆਂ ਡਾਰਾਂ
ਝੁੰਮ ਝੁੰਮਾਕੇ ਆ ਰਹੀਆਂ ਸਨ
ਮਮਤਾਜ਼ ਮੁੜਨ ਸਮੇਂ
ਮੈਨੂੰ ਕਹਿੰਦਾ:
"ਯਾਰ ਆਪਾਂ ਕਦੇ ਜਨੌਰ ਈ ਹੁੰਦੇ
ਤਾਂ ਇੱਕੋ ਬਾਗ਼ ਦੀਆਂ ਟਹਿਣੀਆਂ 'ਚ
ਝੂਮ ਝੂਮ ਜਾਂਦੇ
ਫਿਰ ਸਰਹੱਦਾਂ ਦੇ ਆਸ਼ਕ
ਹਵਾ 'ਚ ਕਿਵੇਂ ਲਕੀਰਾਂ ਮਾਰਦੇ?"
ਉਸਦਾ ਹੱਥ ਫੜੀ
ਮੈਂ ਜਨਮ ਪਿੰਡ ਵੱਲ
ਆਖ਼ਰੀ ਝਾਤ ਪਾਉਂਦਾ ਹਾਂ।

(VANCOUVER, B.C.)

## ਚੋਣਾਂ

ਅਵਤਾਰ

ਜਿਨ੍ਹਾਂ ਦੇ ਚਪੜਾਸੀ
ਕੱਲ੍ਹ ਤੁਹਾਨੂੰ ਦਫ਼ਤਰਾਂ ਮੂਹਰੇ ਧੱਕੇ ਮਾਰਦੇ ਸੀ
ਅੱਜ ਕਾਰਾਂ, ਜੀਪਾਂ ਤੇ ਘੱਟੇ ਫਕਦੇ
ਤੁਹਾਡੇ ਪਾਸ ਆਏ ਹਨ।
ਕੱਲ੍ਹ ਜਿਨ੍ਹਾਂ ਹੱਕ ਮੰਗਣ ਤੋਂ ਵੀ
ਜਿਹੜੇ ਜੇਲ੍ਹਾਂ 'ਚ ਸੁਟਦੇ ਸੀ
ਤੇ ਹੱਕ ਮੰਗਣ 'ਤੇ ਗੋਲੀਆਂ ਵਰ੍ਹਦੇ ਸੀ
ਅੱਜ ਕਹਿੰਦੇ ਫਿਰਦੇ ਹਨ:
'ਰੱਜ ਰੱਜ ਕੇ ਮੰਗਾਂ ਮੰਗੋ।'
ਇਹ ਉਹੀ ਹੱਥ ਮਿਲਾਣ ਆਏ ਹਨ
ਜਿਨ੍ਹਾਂ ਤੁਹਾਡੇ ਹੱਥਾਂ ਤੇ ਲਾਸ਼ਾਂ ਪਾਈਆਂ ਸਨ
ਬੱਸ ਕੁਝ ਹੀ ਦਿਨ ਪਹਿਲਾਂ।
ਇਹ ਉਹੀ ਹਨ
ਜਿਨ੍ਹਾਂ ਤੁਹਾਡੇ ਮਾਂ ਬਾਪ ਦੀ
ਤੇ ਕੁੱਤੇ ਦੀ ਇੱਜ਼ਤ ਵਿੱਚ
ਕੋਈ ਫ਼ਰਕ ਨਹੀਂ ਸੀ ਸਮਝਿਆ।
ਅੱਜ ਫਿਰ ਆਏ ਹਨ
ਤੁਹਾਨੂੰ ਪਿਆਰ ਨਾਲ ਖਰੀਦਣ ਲਈ।
ਦੋਸਤੋ ਵਕਤ ਹੈ ਸੰਭਲੋ!
ਨਹੀਂ ਤਾਂ ਕੱਲ੍ਹ ਫਿਰ
ਤੁਹਾਡੇ ਨਾਲ ਉਸ ਮੱਝ ਵਾਲੀ ਹੋਵੇਗੀ
ਜਿਸਦੇ, ਵਿਖਾਕੇ ਰੇੜੇ ਦਾ ਟੁੱਕਾ
ਖੁਰਾਂ ਤੇ ਡਾਂਗ ਵਜਦੀ ਹੈ।

(QUESNEL, B.C.)

# ਕਵਿਤਾ ਦੀ ਇਕ ਸ਼ਾਮ: ਜਰਨੈਲ ਸਿੰਘ



5 ਮਾਰਚ 1977 ਨੂੰ ਵੈਨਕੂਵਰ ਦੇ ਸਾਹਿਤ-ਪ੍ਰੇਮੀਆਂ — ਡਾ: ਗੁਰੂਮੇਲ, ਤਾਰਾ ਸਿੰਘ ਹੇਅਰ, ਅਜਮੇਰ ਰੋਡੇ, ਸੁਰਿੰਦਰ ਧੰਜਲ, ਸਾਧੂ, ਪ੍ਰੋ: ਬਲਬੀਰ ਸਿੰਘ ਤੇਗ਼, ਜਰਨੈਲ ਸਿੰਘ, ਧਰਿੰਦਰ, ਬਲਦੇਵ ਦੂਹੜਾ, ਸਰਵਣ ਬੋਲ, ਗੁਰਚਰਨ ਟੱਲੇਵਾਲੀਆ, ਸੂਫ਼ੀ ਅਮਰਜੀਤ, ਅਮਰਜੀਤ ਚਾਹਲ, ਸੋਹਣ ਪੂਨੀ, ਉੱਜਲ ਦੋਸਾਂਝ ਅਤੇ ਜਸਬੀਰ — ਵੱਲੋਂ ਕਵਿਤਾ ਦੀ ਇਕ ਸ਼ਾਮ ਮਨਾਈ ਗਈ ਜਿਸ ਵਿੱਚ ਜਰਨੈਲ ਸਿੰਘ ਨੇ ਵੰਨ ਸੁਵੰਨੇ ਵਿਸ਼ਿਆਂ ਉੱਤੇ ਆਪਣੀਆਂ 12 ਚੋਣਵੀਆਂ ਕਵਿਤਾਵਾਂ ਪੜ੍ਹੀਆਂ:

ਮਜਬੂਰੀ, ਇਕਬਾਲ ਜੁਰਮ ਪਰਨ ਜੁਰਮ, ਮੇਰਾ ਦੀਨ ਤੇਰਾ ਦੀਨ ਫਲਸਤੀਨ,
ਨੈਣ ਮੇਰੇ ਤ੍ਰਿਹਾਏ, ਜਲਜ਼ਲਾ ਤੇ ਬੁਲਡੋਜ਼ਰ, ਰਿਸਦਾ ਗੋਸ਼ਤ,
ਜਨਮ ਪਿੰਡ ਦੇ ਪੁਰੀ-ਅਸ਼ਨਾਨ ਤੋਂ ਬਾਅਦ, ਮਨੁਖੀ ਰਿਸ਼ਤਿਆਂ ਦੀ ਖੁਦਕਸ਼ੀ,
ਲੋਹੇ ਦਾ ਆਸ਼ਕ, ਇਕ ਨਵਾਂ ਸਾਲ ਚੜ੍ਹਿਆ ਹੈ, ਕ੍ਰਾਂਤੀ ਦੀ ਭ੍ਰਾਂਤੀ,
ਅਤੇ ਹਾਲੀ ਮੇਰੇ ਯਾਰ।

ਜਰਨੈਲ ਪਰਿਵਰਤਨ ਅਤੇ ਵਿਕਾਸ ਦੀ ਸਥਿਤੀ 'ਚੋਂ ਵਿਚਰ ਰਿਹਾ ਕਵੀ ਹੈ — ਇਸ ਸਥਿਤੀ ਵਿੱਚ ਉਸਦੀ ਰਚਨਾ ਕਦੇ ਬਲਵਾਨ ਬਣੀ ਹੈ (ਜਨਮ ਪਿੰਡ ਦੇ ਪੁਰੀ-ਅਸ਼ਨਾਨ ਤੋਂ ਬਾਅਦ, ਕ੍ਰਾਂਤੀ ਦੀ ਭ੍ਰਾਂਤੀ); ਕਦੇ ਨਾਅਰਾ ਬਣ ਜਾਂਦੀ ਹੈ (ਮੇਰਾ ਦੀਨ ਤੇਰਾ ਦੀਨ ਫਲਸਤੀਨ, ਇਕ ਨਵਾਂ ਸਾਲ ਚੜ੍ਹਿਆ ਹੈ); ਅਤੇ ਕਦੇ ਬਿੰਬਾਂ ਦੇ ਮੋਹ ਕਾਰਨ ਅਸਪੱਸ਼ਟ ਵੀ (ਰਿਸਦਾ ਗੋਸ਼ਤ)। ਪਰੰਪਰਿਕ ਘਸੇ ਪਿਟੇ ਰੂਪ ਦੇ ਬਦਲ ਵਿੱਚੋਂ ਨਵੀਨਤਾ ਗ੍ਰਹਿਣ ਕਰਨਾ ਕਿਸੇ ਕਲਾਕਾਰ ਦਾ ਮੁੱਖ ਗੁਣ ਹੈ ਅਤੇ ਜਰਨੈਲ ਇਸ ਪ੍ਰਤੀ ਸੁਚੇਤ ਜਾਪਦਾ ਹੈ।

— ਸੁਰਿੰਦਰ ਧੰਜਲ

## ਜਨਮ ਪਿੰਡ ਦੇ ਪੁਰੀ-ਅਸ਼ਨਾਨ ਤੋਂ ਬਾਅਦ

ਜਰਨੈਲ ਸਿੰਘ

(1)
ਜਨਮ ਪਿੰਡ ਦੀ ਮਿੱਟੀ ਨੂੰ ਨਮਸਕਾਰ ਕਰਕੇ ਮੁੜਿਆ ਹਾਂ
ਬਚਪਨ ਦੀਆਂ ਯਾਦਾਂ ਦੇ ਗਲ ਲੱਗ ਮੁੜਿਆ ਹਾਂ
ਪਿੰਡ ਦੀ ਰੱਠੀ 'ਚ ਬੱਚੇ ਅੱਜ ਵੀ
ਨੰਗੇਜ ਓਢੀ ਖੇਡ ਰਹੇ ਹਨ
ਰੂੜਾਂ ਅੱਖਾਂ ਤੇ ਕੇਰੀਆਂ 'ਤੇ
ਜਨੌਰ ਅੱਜ ਵੀ ਗਾ ਰਹੇ ਨੇ
ਜਿਨ੍ਹਾਂ ਬੇਰੀਆਂ ਤੋਂ ਟੁੱਕ ਟੁੱਕ ਸੁੱਟੇ
ਗਾਲੜਾਂ ਦੇ ਜੂਠੇ ਬੇਰ
ਮੈਂ ਬਚਪਨ 'ਚ ਕਈ ਵਾਰ ਚੱਖੇ
ਮੇਰੇ ਅੰਦਰ ਰਾਮ ਕਹਾਉਣ ਦੀ ਅਭਿਲਾਸ਼ਾ
ਕਦੇ ਵੀ ਪੈਦਾ ਨਹੀਂ ਹੋਈ
ਮੇਰੇ ਤਨ ਦੀ ਮਿੱਟੀ
ਤੇ ਲਹੂ ਦੇ ਕਣੂ
ਜਿਨ੍ਹਾਂ ਜੂਠੇ ਬੇਰਾਂ ਦੇ ਬਣੇ ਹਨ।

(2)
ਮਾਈ ਟੱਲਾਂ ਵਿਹੜੇ ਵਿੱਚ ਨਹੀਂ
ਨਾ ਹੀ ਉਹਦੇ ਵਿਹੜੇ 'ਚ ਉਹ ਬੇਰੀ
ਹਿੰਦੂ ਮੁਸਲਮ ਬੱਚਿਆਂ ਨੂੰ
ਭ੍ਰਿਚੋਲੀ ਵੰਡਦਾ ਹੈ।
ਉਸਦੀ ਕਬਰ ਤੇ ਉੱਗਾ ਰੁੱਖ
ਮੇਰੇ ਸਿਰ ਤੋਂ ਉਚੇਰਾ ਹੋ ਗਿਐ।

(3)
ਬਾਬੇ ਰਾਮ ਸਰੂਪ ਵਾਲੀ ਖ਼ੂਹੀ ਤੇ
ਹੁਣ ਨਿਜ਼ਾਮ ਦੀਨ ਦਾ ਨਾਂ ਲਿਖਿਐ
ਖ਼ੂਹੀ ਦੇ ਪਾਣੀ ਦੀ ਹਿੱਕ ਤੇ
ਕਿਸੇ ਦਾ ਨਾਂ ਨਹੀਂ।

(4)
ਪਹਾੜੀ ਦੀ ਚੋਟੀ ਤੋਂ ਡਿੱਗਾ
ਪੰਜ ਸੌ ਮਣ ਦਾ ਪੱਥਰ
ਅਜੇ ਵੀ ਮੌਤਾਂ ਕੱਜਰੀ
ਆਪਣੀ ਹਿੱਕ ਤੇ ਰੱਖੀ
ਸੁੱਤੀ ਪਈ ਹੈ।
ਅਜੇ ਵੀ ਲੋਕ ਕਹਿੰਦੇ
ਮੌਤਾਂ ਦੇ ਅੰਗ
ਬਾਬੇ ਨੌ-ਲੱਖੇ ਦੇ ਮਜ਼ਾਰ ਨੂੰ
ਲੱਗੀ ਸੰਗਮਰਮਰ ਨਾਲੋਂ ਕੂਲੇ ਸਨ
ਰੁੱਖ ਦੀ ਮਾਰੀ ਉਹ ਦੇਸਣ ਬਣ ਗਈ
ਲੋਕ ਬੋਲੀਆਂ ਦੀ ਮਾਰੀ
ਉਹ ਆਤਮ-ਹੱਤਿਆ ਲਈ ਤੁਰ ਪਈ
ਤੇ ਫਿਰ ਇਕ ਦਿਨ
ਪਹਾੜੀ ਦੀ ਟੀਸੀ ਤੇ ਚੜ੍ਹ
ਕਹਿਣ ਲੱਗੀ:
"ਬਾਬਾ ਨੌ-ਲੱਖਿਆ
ਮੈਂ ਤੇਰੇ ਵਾਂਗ ਉੱਚੀ
ਤੇਰੇ ਵਾਂਗ ਸੁੱਚੀ"
ਓਸ ਪਲ

# Contemporary Literature in Translation

## PUNJABI ISSUE

**Guest Editor: Surjeet Kalsey**



# ਇਸ ਅੰਕ ਦਾ ਕਵੀ : ਰਾਨ ਕਵਾਲੀਲੈਕ

ਅੰਗ੍ਰੇਜ਼ੀ 'ਚੋਂ ਅਨੁਵਾਦ – ਸੁਰਿੰਦਰ ਧੰਜਲ



RON KAWALILAK

ਵੈਨਕੂਵਰ ਵਿਚ ਵਸਦੇ ਕਵੀ ਰਾਨ ਕਵਾਲੀਲੈਕ ਦੇ ਦੋ ਕਾਵਿ-ਸੰਗ੍ਰਹਿ 'DECK OF POEMS' ਅਤੇ (MORNING) ਪ੍ਰਕਾਸ਼ਿਤ ਹੋ ਚੁੱਕੇ ਹਨ। ਉਸਦੀਆਂ ਕੁਝ ਕਵਿਤਾਵਾਂ ਟੈਮਰੈਕ ਰੀਵੀਊ (THE TAMARACK REVIEW), ਏ ਫਾਰ ਪੁਆਇੰਟ (A FAR POINT) ਅਤੇ ਟਰੀ ਫਰੌਗ ਪ੍ਰੈੱਸ (TREE FROG PRESS) ਦੇ ਸੰਗ੍ਰਹਿ (ANTHOLOGY)-'39 BELOW' ਵਿੱਚ ਛਪੀਆਂ ਹਨ। ਰੋਨ ਨੇ ਇਕ ਅਣਛਪਿਆ ਨਾਵਲ ਵੀ ਲਿਖਿਆ ਹੈ। ਇਹ ਕਵਿਤਾਵਾਂ ਕਵੀ ਦੇ ਪ੍ਰਕਾਸ਼ਨਾ ਅਧੀਨ ਕਾਵਿ ਸੰਗ੍ਰਹਿ ਕਾਇਓਟ (COYOTE) ਵਿੱਚੋਂ ਹਨ। ਪਹਿਲੀ ਅਤੇ ਪੰਜਵੀਂ ਕਵਿਤਾ ਦਾ ਉਸਨੇ ਕੋਈ ਨਾਂ ਨਹੀਂ ਰੱਖਿਆ। –(ਅਨੁਵਾਦਕ)

... ... ...

● 1

ਮੈਂ ਅੱਧ-ਪਚੱਧ ਤੁਹਾਡੀ ਇਸ ਚਾਹਤ ਨੂੰ ਸਮਝਦਾ ਹਾਂ
ਕਿ ਤੁਹਾਡੀ ਕਵਿਤਾ ਇਕ ਖ਼ਾਸ ਗਰਮੀ ਤੱਕ ਪਕਾਈ ਗਈ ਹੋਵੇ
ਨਹੀਂ ਤਾਂ ਇਹ ਕੋਈ ਲਿੱਧ ਨਹੀਂ ਦਿੰਦੀ
ਤੇ ਜੇ ਤੁਸੀਂ ਇਸ ਨਾਲ ਆਪਣੇ ਹੱਥ ਲਿੱਬੇ ਨਹੀਂ ਕਰ ਸਕਦੇ
ਤਾਂ ਤਾਪਮਾਨ ਦਾ ਕੀ ਫਾਇਦਾ ?
ਉਬਲ-ਪੁਬਲ ਦੇਸ਼ ਭਰ ਦੇ ਸ਼ਹਿਰਾਂ ਨੂੰ ਸਤਾ ਰਹੀ ਹੈ
ਉਹ ਤਾਂ ਮੈਨੂੰ ਏਥੇ ਸਿਰ ਭਾਰ ਖੜੇ ਨੂੰ ਵੀ ਕਈ ਵਰ੍ਹੇ ਹੋ ਗਏ ਹਨ
ਕੋਈ ਭੋਰਾ-ਭਰ ਵੀ ਧਿਆਨ ਨਹੀਂ ਦਿੰਦਾ।
ਗੁਸੈਲੀਆਂ ਸਤਰਾਂ ਸਾਡਾ ਤਜਾਰਤੀ-ਸਟਾਕ ਬਣ ਗਈਆਂ ਹਨ
ਤੇ ਕੁਝ ਵੀ ਮੈਂ ਕਹਿ ਸਕਦਾ ਹਾਂ ਤੁਹਾਨੂੰ ਹੈਰਾਨ ਨਹੀਂ ਕਰੇਗਾ
ਪਰ ਜੰਗਲੀ ਕਵਿਤਾ ਤੋਂ ਜ਼ਰੂਰ ਬਚੋ
ਜਿਸਦਾ ਇਕ ਪਾਸਾ ਵਿੰਗ-ਤੜਿੰਗਾ ਹੈ।

ਦਾਇਰਾ
(THE CIRCLE)

● 2

ਜੇ ਤੁਹਾਨੂੰ, ਮੈਨੂੰ
ਅਤੇ ਆਪਣੇ ਦੋਸਤਾਂ ਨੂੰ
ਇਕ ਪੱਥਰ ਦੁਆਲੇ ਦਾਇਰੇ ਵਿੱਚ ਬੈਠਣ ਪਵੇ
ਹਰੇਕ ਇਸਨੂੰ ਵੱਖਰੀ ਤਰ੍ਹਾਂ ਵੇਖੇਗਾ।

ਹਰ ਇਕ ਲਈ ਇਹ ਵੱਖਰਾ ਹੋਵੇਗਾ।
ਹਰ ਇਕ ਲਈ ਇਹ ਪੱਥਰ ਹੋਵੇਗਾ।

ਸਿਆਸਤਦਾਨ
(POLITICIAN)

● 3
ਮੋਰ ਤੋਂ ਵੀ ਡੂੰਘੀ ਬਰਫ਼
ਪੈ ਚੁਕੀ ਹੈ ਹਰ ਥਾਂ
ਅਖ਼ਬਾਰਾਂ ਨੂੰ ਲੁਕੋਂਦੀ ਹੋਈ

ਬਾਹਰ ਖਾਣਾ
(EATING OUT)

● 4
ਰੋਜ਼ ਮੈਂ ਮੁਰਦਿਆਂ ਨਾਲ ਲੰਚ ਖਾਂਦਾ ਹਾਂ
ਛੇ ਮਹੀਨਿਆਂ ਬਾਅਦ ਮੈਂ ਇਹ ਵੇਖਿਆ ਹੈ
ਜੋ ਮੇਰੀ ਡਾਇਰੀ ਤੇ ਭਲੀ ਭਾਂਤ ਉਕਰਿਆ ਗਿਆ ਹੈ:
  ਮੁਰਦੇ ਮੇਰੇ ਨਾਲੋਂ ਜ਼ਿਆਦਾ ਖਾਂਦੇ ਹਨ,
  ਅਤੇ ਜਦੋਂ ਮੇਰੇ ਜਿੰਨਾ ਵੀ ਖਾਣ
  ਜ਼ਿਆਦਾ ਵਕਤ ਲਾਉਂਦੇ ਹਨ·

ਫੈਮਿਲੀ ਐਲਬਮ
(FAMILY ALBUM)

● 5
ਮੈਂ ਉਸ ਚਿਹਰੇ ਨੂੰ ਜਾਣਦਾ ਹਾਂ।
ਮੇਰੀ ਦਾਦੀ ਦਾ, ਪਤਲਾ ਜਿਹਾ।
ਉਸਨੇ ਕਦੇ ਕਵਿਤਾ ਦਾ
ਇਕ ਟੁਕੜਾ ਤੱਕ ਨਹੀਂ ਸੀ ਲਿਖਿਆ
ਪਰ ਚੰਗੀ ਤਰ੍ਹਾਂ ਜਾਣਦੀ ਸੀ
ਕਦੋਂ ਅਤੇ ਕਿਵੇਂ ਚੁੱਪ ਰਹਿਣ ਹੈ।

… … …

● 6
ਮੈਨੂੰ ਪਿਆਰ ਹੋ ਗਿਆ
ਅਤੇ ਇਸ ਬਾਰੇ ਗੱਲਾਂ ਕੀਤੀਆਂ
ਬਾਅਦ ਵਿੱਚ ਮੈਂ ਬਹਾਰ ਦੇ ਰੰਗ ਵਰਗਾ
ਇਕ ਪੱਤਾ ਵੇਖਿਆ ਅਤੇ ਸੋਚਿਆ
ਇਸਨੂੰ ਤੋੜੋ ਨਾ

ਉਹ ਕੁੜੀ
(THAT GIRL)

● 7
ਉਹ ਕੁੜੀ
ਦੇਰ ਦੀ ਕੁਝ ਨਾਂ ਕਹਿਣ ਲਈ
ਦੂਰ ਚਲੀ ਗਈ ਹੈ
ਹੋਰ ਦੁਨੀਆਂ ਵਿੱਚ।

ਜਾਂ, ਜੇ ਉਸਦੀ ਆਵਾਜ਼ ਗੁਆਚੀ ਨਹੀਂ
ਤਾਂ ਉਸਦਾ ਮੂੰਹ ਨਵੇਂ ਚੰਨ ਵੱਲ ਹੋ ਗਿਆ ਹੈ
ਅਤੇ ਉਹ ਭੁੱਲ ਚੁੱਕੀ ਹੈ
ਕਿ ਇਹ ਉਸਦੇ ਪਿੱਛੇ ਵੀ ਚਮਕਦਾ ਹੈ
ਅਤੇ ਅੱਗੇ ਵੀ।

ਮੈਨੂੰ ਲਗਦਾ ਹੈ
ਜੋ ਸ਼ਬਦ ਮੈਂ ਉਸਨੂੰ ਕਹਿਣੇ ਚਾਹੁੰਦਾ ਹਾਂ
ਮੇਰੇ ਮੂੰਹੋਂ ਨਿਕਲਦੇ ਨਹੀਂ
ਅਤੇ ਮੈਂ ਚੁੱਪ ਖੜ੍ਹਾ ਹਾਂ।

# ਪੱਥਰ

ਦਰਸ਼ਨ ਧੀਰ
ਇੰਗਲੈਂਡ

ਸਾਰਾ ਪਿੰਡ ਸਿਵਿਆਂ 'ਚ ਡਰੀਆਂ ਭੇਡਾਂ ਵਾਂਗ ਸਹਿਮਿਆ ਖਲੋਤਾ ਸੀ। ਨਾ ਕਿਸੇ ਬਜ਼ੁਰਗ, ਨਾ ਕਿਸੇ ਪਿੰਡ ਦੇ ਚੌਧਰੀ 'ਚ ਅੱਖ ਤਾਂਹ ਚੁਕਣ ਦੀ ਹਿੰਮਤ ਜਾਪਦੀ ਸੀ। ਹਾਂ, ਨੌਜੁਆਨ ਜ਼ਰੂਰ ਅੰਦਰੋਂ ਅੰਦਰੀ ਰਿੱਝ-ਕੁੜ੍ਹ ਰਹੇ ਸਨ। ਕੁਝ ਕੁ ਗਭਰੂ ਤਾਂ, ਕਰੋਧ-ਆਕੜੀ ਵਹਿੜੀ 'ਚ ਜਾਨ੍ਹ ਵਾਂਗ ਆਕੜੇ-ਖਲੋਤੇ, ਥਾਣੇਦਾਰ ਨੂੰ ਵੰਗਾਰ ਕੇ ਪੁੱਛਣਾ ਵੀ ਚਾਹ ਰਹੇ ਸਨ ਕਿ ਉਸ ਕਿਉਂ ਸਾਰੇ ਪਿੰਡ ਨੂੰ ਪਸ਼ੂਆਂ ਵਾਂਗ ਘੇਰ ਕੇ ਖਲ੍ਹਾਰਿਆ ਹੋਇਆ ਸੀ। ਪਰ ਉਹ ਪਿੰਡ ਦੇ ਬਜ਼ੁਰਗਾਂ ਉੱਤੋਂ ਦੀ ਨਹੀਂ ਸੀ ਪੈਣਾ ਚਾਹੁੰਦੇ।

ਗੱਲ ਵੀ ਕੋਈ ਖਾਸ ਨਹੀਂ ਸੀ, ਜਿਸ ਲਈ ਇੰਨੇ ਤਰੱਦਦ ਦੀ ਲੋੜ ਹੋਵੇ। ਗੱਲ ਇਹ ਸੀ ਕਿ ਕਾਲੀ ਬੋਲੀ ਹਨੇਰੀ 'ਚ ਨਾ-ਦਿਸਣ ਕਰ ਕੇ ਪਿੰਡ ਦਾ ਇਕ ਮੁੰਡਾ ਖੇਤੋਂ ਆਉਂਦਾ ਇਕ ਮੌਣ ਤੋਂ ਸੱਖਣੇ ਬੇਆਬਾਦ ਖੂਹ 'ਚ ਡਿੱਗ ਪਿਆ ਸੀ। ਹਨੇਰੀ ਜ਼ਰਾ ਮੱਠੀ ਪਈ ਤਾਂ ਮੁੰਡੇ ਦੇ ਘਰ ਨਾ ਪਰਤਣ ਤੇ ਉਹਦੇ ਘਰ ਦੇ ਤੇ ਸਾਰਾ ਸਕੀਰੀ-ਭਾਈਚਾਰਾ ਹੱਥਾਂ 'ਚ ਲਾਲਟੈਨਾਂ ਫੜ ਕੇ ਹਰ ਸੰਭਵ ਥਾਂ ਤੇ ਉਹਨੂੰ ਢੂੰਡਣ ਨਿਕਲ ਤੁਰੇ, ਪਰ ਮੁੰਡੇ ਦੀ ਕਿਧਰੋਂ ਵੀ ਉਘ ਸੁਘ ਨਾ ਮਿਲੀ। ਸਾਰੀ ਰਾਤ ਤੜਫਦਿਆਂ ਤੇ ਰੋਂਦਿਆਂ ਵਿਰਲਾਪ ਕਰਦਿਆਂ ਲੰਘਾਈ। ਲੋਈ ਪਾਟਦਿਆਂ ਹੀ ਉਨ੍ਹਾਂ ਦੁਬਾਰਾ ਸਾਰੇ ਖੂਹ-ਟੋਭੇ ਵੇਖਣੇ ਅਰੰਭ ਕਰ ਦਿਤੇ। ਦੁਪਹਿਰੇ ਜਾ ਕੇ ਕਿਧਰੇ ਵਿਚਾਰਿਆਂ ਨੂੰ ਖੂਹ 'ਚੋਂ ਮੁੰਡੇ ਦੀ ਮਸ਼ਕ ਵਾਂਗ ਫੁੱਲੀ ਲਾਸ਼ ਮਿਲੀ।

ਜਿਸ ਵੀ ਸੁਣਿਆ, ਉਹ ਉਨ੍ਹਾਂ ਦੇ ਘਰ ਵਲ ਧਾ ਤੁਰਿਆ।

ਜੋ ਹੋਣਾ ਸੀ, ਉਹ ਤਾਂ ਹੋ ਗਿਆ ਸੀ। ਬਿੱਲੀ ਵਿਰਲਾਪ ਕਰਨ ਮਗਰੋਂ, ਵਿਚਾਰਿਆਂ ਨੂੰ ਮੁੰਡੇ ਦੀ ਮਿੱਟੀ ਬੰਨੇ ਲਾਉਣ ਦਾ ਫਿਕਰ ਆ ਚਿੰਬੜਿਆ।

ਮੁੰਡੇ ਦੀ ਲਾਸ਼ ਦਾ ਅੰਤਮ ਸੰਸਕਾਰ ਕਰਨ ਦੇ ਪ੍ਰਸ਼ਨ ਤੇ ਪਿੰਡ ਦੋ ਭਾਗਾਂ 'ਚ ਵੰਡ ਹੋ ਗਿਆ। ਕੁਝ ਕੁ ਪੁਲਸ ਨੂੰ ਦੱਸੇ ਬਗੈਰ ਹੀ ਉਹਦਾ ਦਾਹ ਸੰਸਕਾਰ ਕਰਨ ਦੇ ਹੱਕ 'ਚ ਸਨ। ਪਰ ਦੂਜਾ ਹਿੱਸਾ, ਜਿਸ 'ਚ ਪਿੰਡ ਦੀ ਬਹੁ ਗਿਣਤੀ ਸੀ ਕਹਿ ਰਿਹਾ ਸੀ, "ਏਦਾਂ ਕਰਨਾ ਕਾਨੂੰਨ ਨੂੰ ਆਪਣੇ ਹੱਥ 'ਚ ਲੈਣਾ ਹੈ। ਪਿੱਛੋਂ ਪਛਤਾਉਣ ਨਾਲੋਂ, ਕਿਉਂ ਨਾ ਪਹਿਲਾਂ ਹੀ ਪੁਲਸ ਨੂੰ ਦਸ ਦਿਤਾ ਜਾਏ। ਪਤਾ ਲਗਣ ਤੇ ਪੁਲਸ ਪਿੰਡ ਵਾਲਿਆਂ ਤੇ ਮੁੰਡੇ ਨੂੰ ਕੁਝ ਦੇ ਕੇ ਖੂਹ 'ਚ ਸੁੱਟਣ ਦਾ ਇਲਜ਼ਾਮ ਲਾ ਕੇ ਸਾਰੇ ਪਿੰਡ ਨੂੰ ਖ਼ਾਹਮਖ਼ਾਹ ਖੱਜਲ ਖ਼ਰਾਬ ਕਰ ਸਕਦੀ ਹੈ। ਉਦਾਂ ਵੀ ਪੁਲਸ ਨੂੰ ਦੱਸਣ 'ਚ ਕੋਈ ਹਰਜ ਨਹੀਂ।" ਉਹ ਇਸ ਗੱਲ ਦੇ ਹੱਕ 'ਚ ਦਲੀਲ ਇਹ ਦੇ ਰਹੇ ਸਨ, "ਹੁਣ ਕਿਹੜਾ ਗੋਰਾਂ ਦਾ ਦੇਸ ਤੇ ਰਾਜ ਏ, ਜਿਹੜੇ ਸਾਡੀਆਂ ਭਾਵਨਾਵਾਂ ਨੂੰ ਨਹੀਂ ਸਨ ਸਮਝਦੇ। ਹੁਣ ਤਾਂ ਸਾਡੀ ਆਪਣੀ ਸਰਕਾਰ ਆ, ਆਪਣੀ ਪੁਲਸ, ਸਾਡੀਆਂ ਭਾਵਨਾਵਾਂ ਤੇ ਸਾਡੇ ਜਜ਼ਬਿਆਂ ਦੀ ਤਰਜਮਾਨ, ਸਾਡਾ ਆਪਣਾ ਲਹੂ। ਫਿਰ ਕਿਉਂ ਕਿਸੇ ਗੱਲ ਦਾ ਲੁਕੋ ਰਖਿਆ ਜਾਏ, ਕਿਉਂ ਚੋਰੀ ?"

ਨਵਾਂ ਨਵਾਂ ਦੇਸ ਆਜ਼ਾਦ ਹੋਇਆ ਸੀ। ਇਸ ਲਈ ਜਨਤਾ ਨੂੰ ਸਰਕਾਰ ਤੇ ਬੜਾ ਮਾਨ ਸੀ। ਅੰਤ ਇਹੀ ਫ਼ੈਸਲਾ ਹੋਇਆ ਕਿ ਪੁਲਸ ਨੂੰ ਇਤਲਾਹ ਦੇ ਦਿਤੀ ਜਾਵੇ। ਸੋ ਕੁਝ ਆਦਮੀਆਂ ਨੂੰ ਸਿਵਿਆਂ 'ਚ ਸੁੱਕੀਆਂ ਲੱਕੜੀਆਂ, ਪਾਥੀਆਂ ਆਦਿ ਸੁੱਟਣ ਤੇ ਕੁਝ ਕੁ ਨੂੰ ਉਨ੍ਹਾਂ ਦੇ ਥਾਣਿਓਂ ਮੁੜਨ ਤੋਂ ਪਹਿਲਾਂ ਪਹਿਲਾਂ ਮੁੰਡੇ ਦੀ ਲਾਸ਼ ਨੂੰ ਨੁਹਾਉਣ ਆਦਿ ਦੀ ਤਿਆਰੀ ਦੀ ਜ਼ਿੰਮੇਵਾਰੀ ਸੌਂਪ ਕੇ ਪੰਚਾਇਤ ਥਾਣੇ ਰਿਪੋਰਟ ਲਿਖਵਾਉਣ ਸ਼ਹਿਰ ਨੂੰ ਚਲੀ ਗਈ। ਪੰਚਾਇਤ ਤੇ ਥਾਣੇਦਾਰ ਦੇ ਆਉਣ ਤੋਂ ਪਹਿਲਾਂ ਹੀ ਪਿੰਡ ਵਾਲਿਆਂ ਲਾਸ਼ ਦੀ ਅੰਤਮ ਕਿਰਿਆ ਕਰਨ ਦੀ ਪੂਰੀ ਤਿਆਰੀ ਕਰ ਕੇ ਮੁੰਡੇ ਦੀ ਸੀੜ੍ਹੀ ਸਿਵਿਆਂ 'ਚ ਲੈ ਆਂਦੀ। ਤਾਂ ਕਿ ਪੰਚਾਇਤ ਤੇ ਪੁਲਸ ਦੇ ਆਉਂਦਿਆਂ ਹੀ ਉਹਨੂੰ ਲਾਂਬੂ ਲਾ ਦਿਤਾ ਜਾਵੇ। ਕਿਉਂਕਿ ਲਾਸ਼ ਕਾਫ਼ੀ ਫਿਫਿਆ ਗਈ ਸੀ। ਉਹਦੇ ਫੁੱਟ ਪੈਣ ਦਾ ਡਰ ਸੀ।

ਥਾਣੇਦਾਰ ਸੌ ਨਖਰੇ ਕਰ ਕੇ ਦਮੜੇ ਮਾਰਨ ਦੀ ਆਸ ਨਾਲ ਕਿਧਰੇ ਲੌਢੇ ਵੇਲੇ ਆਇਆ। ਜਦ ਆ ਕੇ ਉਸ ਸਿਵਿਆਂ 'ਚ ਮਸੋਸੇ ਮਰਦਾਂ, ਸਿਵਿਆਂ ਦੀ ਹੱਦ ਤੋਂ ਉਰ੍ਹਾਂ ਢੇਰੀਆਂ ਜਿਹੀਆਂ ਬਣੀਆਂ ਬੈਠੀਆਂ ਪਿੰਡ ਦੀਆਂ ਔਰਤਾਂ ਤੇ ਲਾਂਬੂ ਲਾਉਣ ਦੀ ਪੂਰੀ ਤਿਆਰੀ 'ਚ ਚਿੱਟੇ ਕਫ਼ਨ 'ਚ ਵਲ੍ਹੇਟਿਆ ਮੁੰਡੇ ਦਾ ਤਾਬੂਤ ਵੇਖਿਆ ਤਾਂ ਉਹਦੀਆਂ ਅੱਖਾਂ 'ਚ ਅੱਥਰੂਆਂ ਦੀ ਥਾਂ ਚਮਕ ਆ ਗਈ। ਅੱਖਾਂ 'ਚ ਹੰਝੂ ਆਉਂਦੇ ਵੀ ਕਿਉਂ ? ਉਹ ਤਾਂ ਅਜਿਹੇ ਮੌਕਿਆਂ ਲਈ ਰਾਤ ਦਿਨ ਅਰਦਾਸਾਂ ਕਰਦਾ ਰਹਿੰਦਾ ਸੀ। ਇਸ ਕਰ ਕੇ ਉਸ ਮੁੱਛਾਂ ਤੇ ਹੱਥ ਫੇਰਦਿਆਂ ਹੁੰਗਰ ਮਾਰ ਕੇ ਪਿੰਡ ਵਾਲਿਆਂ ਨੂੰ ਕਿਹਾ, "ਤੁਸੀਂ ਕੀਹਦੇ ਹੁਕਮ ਨਾਲ ਲਾਸ਼ ਨੂੰ ਸਿਵਿਆਂ 'ਚ ਲਿਆਏ ਹੋ ?"

ਆਸ ਤੋਂ ਉਲਟ ਗੱਲ ਸੁਣ ਕੇ ਸਾਰਿਆਂ ਦੇ ਚਿਹਰੇ ਹੈਰਾਨੀ 'ਚ ਲਮਕ ਗਏ। ਸਾਰਾ ਪਿੰਡ ਨੀਵੀਂ ਪਾ ਕੇ ਇੰਜ ਖਲੋ ਗਿਆ, ਜਿਵੇਂ ਉਨ੍ਹਾਂ ਤੋਂ ਕੋਈ ਘੋਰ ਅਪਰਾਧ ਹੋ ਗਿਆ ਹੋਵੇ। ਸਭ ਕਨੱਖੀ ਪੰਚਾਇਤ ਵਲ ਵੇਖਣ ਲੱਗ ਪਏ, ਜਿਵੇਂ ਪੁੱਛ ਰਹੇ ਹੋਣ "ਹੁਣ ?" ਉਨ੍ਹਾਂ ਨੂੰ ਇੰਜ

ਚੁੱਪ ਹੋਏ ਵੇਖ ਕੇ, ਅਪਣਾ ਮਨੋਰਥ ਸਿੱਧ ਹੁੰਦਾ ਵੇਖ ਕੇ, ਥਾਣੇਦਾਰ ਨੇ ਡਰਾਉਣ ਲਈ ਹੋਰ ਵੀ ਰੁਅਬ ਨਾਲ ਕਿਹਾ, "ਲਾਸ਼ ਦਾ ਮੁਆਇਨਾ ਕਰਵਾਇਆਂ ਬਗੈਰ, ਮੈਂ ਫੂਕਣ ਦੀ ਇਜਾਜ਼ਤ ਨਹੀਂ ਦੇਵਾਂਗਾ । ਕੀ ਪਤਾ, ਤੁਸੀਂ ਆਪ ਮੁੰਡੇ ਨੂੰ ਕੁਝ ਦੇ ਕੇ ਖੂਹ 'ਚ ਸੁਟਿਆ ਹੋਵੇ । ਛੇਤੀ ਕਰੋ । ਪਿੰਡੋਂ ਗੱਡਾ ਲਿਆਓ । ਲਾਸ਼ ਨੂੰ ਮੁਆਇਨੇ ਲਈ ਜਲੰਧਰ ਲਿਜਾਣਾ ਏ ।"

ਦਿਨ ਅਸਤ ਹੋਣ 'ਚ ਕੁਝ ਹੀ ਚਿਰ ਰਹਿੰਦਾ ਸੀ ਸੀ ਤੇ ਜਲੰਧਰ ਪਿੰਡੋਂ ਪੰਦਰਾਂ ਸੋਲਾਂ ਮੀਲ ਦੀ ਵਿੱਥ ਤੇ ਸੀ । ਜਿਸ ਦਾ ਮਤਲਬ ਇਹ ਸੀ ਕਿ ਲਾਸ਼ ਦੂਜੇ ਦਿਨ ਹੀ ਵਾਪਸ ਲਿਆਂਦੀ ਜਾ ਸਕਦੀ ਸੀ । ਤਦ ਤੱਕ ਤਾਂ ਲਾਸ਼ ਫੁੱਟ ਵਾਂਗ ਖਖੜੀ ਖਖੜੀ ਹੋ ਜਾਣੀ ਸੀ । ਇਸ ਕਰ ਕੇ ਪੰਚਾਇਤ ਨੇ ਥਾਣੇਦਾਰ ਦੀ ਮਿੰਨਤ ਕੀਤੀ ਕਿ ਉਹ ਮੁੰਡੇ ਦੀ ਮਿੱਟੀ ਖ਼ਰਾਬ ਨਾ ਕਰੇ । ਲੋਥ ਤਾਂ ਪਹਿਲਾਂ ਹੀ ਫੁੱਟਣ ਵਾਲੀ ਹੈ । ਪਰ ਥਾਣੇਦਾਰ ਨੇ ਪੈਰਾਂ ਤੇ ਪਾਣੀ ਨਾ ਪੈਣ ਦਿਤਾ ।

ਹੈਰਾਨ ਪਰੇਸ਼ਾਨ ਹੋਏ ਸਿਵਿਆਂ 'ਚ ਜੁੜੇ ਚਿਹਰਿਆਂ ਨੇ ਇਕ ਦੂਜੇ ਵਲ ਵੇਖਿਆ, ਉਨ੍ਹਾਂ ਦੇ ਪਰਭਾਵ ਪੜ੍ਹੇ । ਸਭ ਚਿਹਰਿਆਂ ਤੇ ਇਕੋ ਹੀ ਪਰਭਾਵ ਸੀ — ਹੈਰਾਨੀ ਤੇ ਗ਼ੁੱਸੇ ਦਾ ਪਰਭਾਵ । ਜਿਸ ਕਰ ਕੇ ਸਾਰੇ ਆਪੋ 'ਚ ਘੁਸਰ-ਮੁਸਰ ਕਰਨ ਲੱਗ ਪਏ । ਉਨ੍ਹਾਂ ਨੂੰ ਕੰਨੋ-ਸੰਨੀ ਹੁੰਦੇ ਵੇਖ ਕੇ ਥਾਣੇਦਾਰੀ ਦਾ ਰੁਅਬ ਪਾਉਣ ਲਈ ਕੱਛ 'ਚੋਂ ਬੈਂਤ ਦਾ ਸਾਢੇ ਤਿੰਨ ਫ਼ੁੱਟਾ ਡੰਡਾ ਕੱਢ ਕੇ ਜ਼ਮੀਨ ਤੇ ਮਾਰਦਿਆਂ ਕਿਹਾ, "ਸੁਣਿਆ ਨਹੀਂ ਸੀ, ਸੂਰ ਦਿਓ ਪੁੱਠਿਓ ? ਮੈਂ ਗੱਡਾ ਲਿਆਉਣ ਲਈ ਕਿਹਾ ਸੀ ? ਲੋਥ ਮੁਆਇਨੇ ਲਈ ਜਲੰਧਰ ਲਿਜਾਣੀ ਏ ?"

ਥਾਣੇਦਾਰ ਪਿੰਡ ਨਿਵਾਸੀਆਂ ਨੂੰ ਇੰਜ ਜ਼ਲੀਲ ਕਰ ਰਿਹਾ ਸੀ, ਜਿਵੇਂ ਉਹ ਇਨਸਾਨਾਂ ਦੀ ਥਾਂ ਕੀੜੇ-ਮਕੌੜੇ ਹੋਣ । ਪਿੰਡ ਵਾਲਿਆਂ ਲਈ ਇਹ ਬਹੁਤ ਵੱਡੀ ਵੰਗਾਰ ਸੀ, ਉਨ੍ਹਾਂ ਦੇ ਪਿੰਡ ਦੀਆਂ ਹੋ ਚੁੱਕੀਆਂ ਮਹਾਨ ਸ਼ਖ਼ਸੀਅਤਾਂ ਦੀ ਅਣਖ ਦੀ [illegible] । ਇਸ ਅਹਿਸਾਸ ਨਾਲ ਪਿੰਡ ਵਾਲਿਆਂ ਦੀਆਂ ਝੁਕੀਆਂ ਗਰਦਨਾਂ ਉਤਾਂਹ ਉਠੀਆਂ । ਉਨ੍ਹਾਂ ਦੀ ਨਜ਼ਰੇ ਪਿੰਡ ਦੇ ਗ਼ਦਰੀ ਬਾਬਿਆਂ ਤੇ ਹੋਰ ਹੋ ਚੁਕੇ ਯੋਧਿਆਂ ਦੀਆਂ ਸਮਾਧਾਂ ਪਈਆਂ, ਜੋ ਹਾਕਮਾਂ ਦੀ ਹੈਂਕੜ ਅਗੇ ਝੁਕਣ ਦੀ ਥਾਂ ਅਣਖ ਲਈ ਸ਼ਹੀਦ ਹੋਈਆਂ ਸਨ । ਜਿਸ ਨਾਲ ਪਿੰਡ ਵਾਲਿਆਂ ਨੂੰ ਜਾਪਿਆ, ਜਿਵੇਂ ਉਹ ਮਹਾਨ ਆਤਮਾਵਾਂ ਉਨ੍ਹਾਂ ਨੂੰ ਫ਼ਿਟਕਾਰਾਂ ਪਾ ਰਹੀਆਂ ਹੋਣ । ਉਨ੍ਹਾਂ ਫ਼ਿਟਕਾਰਾਂ ਨਾਲ ਪਿੰਡ ਦੀ ਰੂਹ ਪੇਂਜੇ ਦੇ ਰੂੰ ਨੂੰ ਪਿੰਜਣ ਵਾਂਗ ਪਿੰਜੀ ਗਈ । ਉਨ੍ਹਾਂ ਦਾ ਮਹਿਦਪੁਣਾ ਝੰਜੋੜਿਆ ਗਿਆ । ਜੁਆਨ ਖ਼ੂਨ ਲਈ ਉਨ੍ਹਾਂ ਫ਼ਿਟਕਾਰਾਂ ਨੂੰ ਅਪਣੀ ਚੇਤਨਤਾ ਦੇ ਪਿੰਡੇ ਤੇ ਹੋਰ ਸਹਾਰਨਾ ਅਸੰਭਵ ਹੋ ਗਿਆ । ਉਹ ਅੰਦਰੇ ਅੰਦਰ ਲੂਹਰੀਆਂ ਕਚੀਚੀਆਂ ਲੈਣ ਲੱਗੇ, ਪਰ ਪਰਗਟ ਤੌਰ ਤੇ ਚੁੱਪ ਰਹੇ । ਜਿਵੇਂ ਤੂਫ਼ਾਨ ਆਉਣ ਤੋਂ ਪਹਿਲਾਂ ਸਮੁੰਦਰ ਸ਼ਾਂਤੀ ਦਾ ਭੁਲੇਖਾ ਪਾਉਂਦਾ ਹੈ ।

ਕੁਝ ਚਿਰ ਹੋਰ ਉਸੇ ਤਰ੍ਹਾਂ ਲੰਘ ਗਿਆ । ਅਚਾਨਕ ਗਭਰੂ ਬੀਰ ਸਿੰਘ ਤੇ ਉਹਦੇ ਸਾਥੀਆਂ-ਬੇਲੀਆਂ ਦੀਆਂ ਨਜ਼ਰਾਂ ਆਪਸ 'ਚ ਮਿਲੀਆਂ । ਸਾਂਝੀ ਭਾਸ਼ਾ ਬੋਲੀਆਂ । ਫਿਰ ਉਨ੍ਹਾਂ ਸਾਰਿਆਂ ਜੁੜੀ ਸੱਥ ਦੇ ਚਿਹਰਿਆਂ ਵੱਲ ਵੇਖਿਆ ਸੱਥ ਦੀ ਬਹੁਗਿਣਤੀ ਉਨ੍ਹਾਂ ਦਾ ਦਮ ਭਰਦੀ ਸੀ । ਬੀਰ ਸਿੰਘ ਤੇ ਉਹਦੇ ਸਾਥੀਆਂ ਲਈ ਇੰਨਾ ਹੀ ਕਾਫ਼ੀ ਸੀ । ਜਿਸ ਕਰ ਕੇ ਬੀਰ ਸਿੰਘ ਦੇ ਸਾਥੀਆਂ ਉਹਨੂੰ ਥਾਣੇਦਾਰ ਨਾਲ, ਤੜਕ ਨਾਲ, ਗੱਲ ਕਰਨ ਦਾ ਸੰਕੇਤ ਕੀਤਾ । ਗ਼ੁੱਸੇ-ਬਲੇ ਬੀਰ ਸਿੰਘ ਨੇ ਥਾਣੇਦਾਰ ਨਾਲ ਉਹਦੇ ਵਰਗੀ ਹੀ ਅਸਭਿਆ ਬੋਲੀ 'ਚ ਗੱਲ ਕਰਨੀ ਚਾਹੀ । ਪਰ ਕੁਝ ਸਮਾਂ ਬਦੇਸਾਂ 'ਚ ਰਹਿਣ ਕਰਕੇ ਉਹ ਜਾਣ ਗਿਆ ਸੀ ਕਿ ਗੱਲ ਸਭਿਆ ਢੰਗ ਨਾਲ ਕਰਨੀ ਚਾਹੀਦੀ ਹੈ, ਨਾ ਕਿ ਸਾਡੇ ਹਾਕਮਾਂ ਵਾਂਗ । ਸੋ ਉਹ ਗ਼ੁੱਸੇ ਤੇ ਕਾਬੂ ਪਾਉਂਦਾ ਹੋਇਆ ਕਹਿਣ ਲੱਗਾ, "ਥਾਣੇਦਾਰ ਸਾਹਬ, ਅਸੀਂ ਜਾਣਦੇ ਆਂ । ਇਹ ਤੂੰ ਨ੍ਹੀਂ, ਤੇਰੀ ਥਾਣੇਦਾਰੀ ਬੋਲ ਰਹੀ ਆ । ਤੇਰੀ ਸਭਿਆ ਬੋਲੀ ਰਾਹੀਂ ਅਸੀਂ ਤੇਰੀ ਸਾਰੀ ਗੱਲ ਸੁਣ ਲਈ ਆ । ਤੈਨੂੰ ਏਦਾਂ ਦੀ ਬੋਲੀ ਬੋਲਦੇ ਨੂੰ ਸ਼ਰਮ ਆਉਣੀ ਚਾਹੀਦੀ ਸੀ, ਪਰ ਸ਼ਰਮ ਨਾਂ ਦੀ ਚੀਜ਼ ਥੋਡੇ ਵੱਸੋਂ ਬਾਹਰ ਆ । ਹੁਣ ਅਸੀਂ ਇਹ ਸਾਫ਼ ਦਸ ਦੇਣਾ ਚਾਹੁੰਦੇ ਆਂ । ਜੇ ਤੈਨੂੰ ਸਾਡੀ ਕੋਈ ਪਰਵਾਹ ਨ੍ਹੀਂ, ਤਾਂ ਸਾਨੂੰ ਵੀ ਤੇਰੀ ਰਤਾ ਪਰਵਾਹ ਨ੍ਹੀਂ । ਅਸੀਂ ਕੋਈ ਡਾਕਾ ਨ੍ਹੀਂ ਮਾਰਿਆ । ਜੇ ਸਾਡਾ ਇਹ ਬਦਨਸੀਬ ਮੁੰਡਾ ਖੂਹ 'ਚ ਡਿੱਗ ਕੇ ਮਰ ਗਿਐ, ਤਾਂ ਇਹਦੇ 'ਚ ਪਿੰਡ ਦਾ ਕੀ ਕਸੂਰ ਆ ? ਮਾਫ਼ ਕਰਨਾ, ਥਾਣੇਦਾਰ ਸਾਹਬ । ਰੱਬ ਨਾ ਕਰੇ, ਜੇ ਸਾਡੇ ਵਾਂਗ ਕੁਦਰਤ ਤੇਰੇ ਤੇ ਵੀ ਕਰੋਪ ਹੋ ਜੇ । ਤੇਰਾ ਇਕਲੌਤਾ ਮੁੰਡਾ ਇਸ ਅਭਾਗੇ ਬੱਚੇ ਵਾਂਗ ਖੂਹ 'ਚ ਡਿਗ ਕੇ ਮਰ ਜੇ ਤੇ ਉਹਦੀ ਲੋਥ ਦੀ ਏਦਾਂ ਦੀ ਹਾਲਤ ਹੋ ਜੇ ਅਤੇ ਫੇਰ ਤੇਰੇ ਵਰਗਾ ਕੋਈ ਸਭਿਆ ਥਾਣੇਦਾਰ ਆ ਕੇ ਕਹੇ ਕਿ ਮੈਨੂੰ ਸ਼ਕ ਆ ਕਿ ਤੂੰ ਮੁੰਡੇ ਨੂੰ ਜ਼ਹਿਰ ਦੇ ਕੇ ਖੂਹ 'ਚ ਸੁਟਿਐ । ਦਸ ਫੇਰ, ਤੇਰੇ ਦਿਲ ਤੇ ਕੀ ਗੁਜ਼ਰੇ ? ਕੀ ਸੋਚੇਂਗਾ, ਤੂੰ ਉਸ ਥਾਣੇਦਾਰ ਬਾਰੇ ? ਅਸੀਂ ਤਾਂ ਸਮਝਦੇ ਸਾਂ ਕਿ ਹੁਣ ਸਾਡੀ ਆਪਣੀ ਪੁਲਸ ਆ — ਸਾਡੇ ਜਜ਼ਬਿਆਂ ਦੀ ਜ਼ਬਾਨ, ਪਰ ਤੁਸੀਂ ਤਾਂ ਅੰਗਰੇਜ਼-ਸਮੇਂ ਦੀ ਪੁਲਸ ਨੂੰ ਵੀ ਮਾਤ ਪਾ......।"

ਅਚਣਚੇਤ ਬੀਰ ਸਿੰਘ ਨੂੰ ਝਟਕਾ ਜਿਹਾ ਲੱਗਾ, ਜਿਵੇਂ ਉਸ ਭਾਵਕ ਹੋ ਕੇ ਪਿੰਡ ਦੀ ਭਾਵਨਾ ਦਾ ਸਹੀ ਅਨੁਵਾਦ ਨਾ ਕੀਤਾ ਹੋਵੇ, ਸਗੋਂ ਥਾਣੇਦਾਰ ਦੀਆਂ ਲੇਲੜੀਆਂ ਜਿਹੀਆਂ ਕਢ ਕੇ ਪਿੰਡ ਦੀ ਤੇ ਅਪਣੇ ਹੋ ਚੁਕੇ ਮਹਾਨ ਬਜ਼ੁਰਗਾਂ ਦੀ ਪਵਿੱਤਰ ਆਤਮ ਦਾਗ਼ੀ ਕਰ ਦਿਤੀ ਹੋਵੇ । ਸੋ ਉਸ ਝੁੰਜਲਾ ਕੇ ਕਿਹਾ, "ਥਾਣੇਦਾਰ ਜੀ ਅਸੀਂ ਮੁੰਡੇ ਦੀ ਲਾਸ਼ ਨੂੰ ਇਥੋਂ ਹਿਲਾਉਣ ਲਈ ਬਿਲਕੁਲ ਤਿਆਰ ਨ੍ਹੀਂ । ਜੇ ਤੇਰਾ ਕਾਨੂੰਨ ਤੈਨੂੰ ਲਿਜਾਣ ਲਈ ਕਹਿੰਦੈ, ਤਾਂ ਥਾਣਿਓਂ ਜੀਪ ਮੰਗਵਾ ਕੇ ਲੈ ਜਾ । ਤੂੰ ਆਪਣੀ ਕਾਰਵਾਈ ਕਰ, ਅਸੀਂ ਆਪਣੀ......।"

ਬੀਰ ਸਿੰਘ ਤੇ ਪਿੰਡ ਨਿਵਾਸੀਆਂ ਦੀਆਂ ਅੱਖਾਂ 'ਚੋਂ ਗ਼ੁੱਸੇ ਦੇ ਚੰਗਿਆੜੇ ਨਿਕਲਦੇ ਵੇਖ ਕੇ ਜ਼ਰਕ ਕੇ, ਥਾਣੇਦਾਰ ਬੀਰ ਸਿੰਘ ਦੀ ਗੱਲ ਨੂੰ ਵਿਚੋਂ ਹੀ ਟੋਕਦਾ ਹੋਇਆ ਕਹਿਣ ਲਗਾ, "ਤੁਸੀਂ ਤਾਂ ਗ਼ੁੱਸੇ 'ਚ ਆ ਗਏ ਹੋ । ਮੈਂ ਤਾਂ ਕਾਨੂੰਨੀ ਕਾਰਵਾਈ ਕਰਨ ਦੀ ਗੱਲ ਕਹਿ ਰਿਹਾ ਸਾਂ ।"

"ਇਹ ਅਸੀਂ ਜਾਣਦੇ ਆਂ । ਤੇਰੇ ਕੋਲ ਇਕ ਨ੍ਹੀਂ ਪੰਜਾਹ

(ਸਫ਼ਾ 8)

# BAINS INTERNATIONAL TRAVEL SERVICE LTD.

**(MEMBER IATA)**

| 6364 FRASER STREET<br>VANCOUVER, B.C.<br>**324-2277** | 935 MARINE DRIVE<br>NORTH VANCOUVER, B.C.<br>**980-0351** | 1710 DOUGLAS STREET<br>VICTORIA, B.C.<br>**386-6363** |
|---|---|---|

We are appointed Agents for all major Airlines, such as —

BOAC, AIR INDIA, AIR CANADA, AIR FRANCE, SWISSAIR,
ALITALIA, PAN AMERICAN, TWA, JAPAN AIRLINES , CP AIR, NORTHWEST ORIENT, KLM,
LUFTHANSA, QANTAS, SAS — list is endless!

Being IATA member we can issue your ticket while you wait on any air line.

---

## GRAND OPENING SALE

AT

# KINGSGATE FURNITURE SALES LTD.

**(HOUSE OF FURNITURE AND APPLIANCES)**



104 KINGSGATE MALL
370 EAST BROADWAY VANCOUVER, B.C. V5T 4G5



**PHONE: 874-2625**

***CUSTOMER SATISFACTION GUARANTEED***

**LOTS OF FREE PARKING**

# ਪੁਤਲੀਆਂ ਦਾ ਨਾਚ

ਰੁਪਿੰਦਰਜੀਤ

ਦਫਤਰ ਦੀ ਗੱਲ—

ਇੰਦਰਜੀਤ ਦੇ ਅਫਸਰ ਦਾ ਕਮਰਾ—

ਸਮਾਂ ਕੋਈ ਵੀ ਕਿਆਸ ਲਵੋ। ਅਫਸਰਾਂ ਲਈ ਸਾਰੇ ਸਮੇਂ ਇਕੋ ਜਿਹੇ ਹੁੰਦੇ ਹਨ। ਅਫਸਰ ਹੁਣੇ ਹੁਣੇ ਆਇਆ ਹੈ। ਬਹਿੰਦਾ ਹੀ ਬਿਜਲੀ ਘੰਟੀ 'ਤੇ ਪੈਰ ਰਖਦਾ ਹੈ ਤਾਂ ਪਲ ਦੀ ਪਲ ਤਾਂ ਸਮਾਂ ਖੜੋ ਜਾਂਦਾ ਹੈ ਪਰ ਮੈਂ ਖੜੇ ਸਮੇਂ ਦੀ ਗੱਲ ਨਹੀਂ ਕਰਨੀ।

ਮੈਂ ਤੇ ਤੁਰਾਂਗਾ—

ਘੰਟੀ ਲਗਾਤਾਰ ਵੱਜ ਰਹੀ ਹੈ ਪਰ ਸੇਵਾਦਾਰ ਆਪਣੀ ਜਗਹ ਤੋਂ ਖਿਸਕਿਆ ਹੋਇਆ ਹੈ। ਘੰਟੀ ਕੁਝ ਚਿਰ ਰੁਕਦੀ ਹੈ ਤੇ ਮੁੜ ਇਕਸੁਰਾ ਚੀਕਦੀ ਹੈ। ਐਤਕਾਂ ਉਹਦੀ ਆਵਾਜ਼ ਵਿਚ ਅੰਤਾਂ ਦਾ ਰੋਹ ਹੈ। ਸੇਵਾਦਾਰ ਦੀ ਜਗਹ ਅਫਸਰ ਦਾ ਸਹਾਇਕ ਅੰਦਰ ਜਾਂਦਾ ਹੈ। ਹੁਕਮ ਸੁਣਦਾ ਹੈ ਤੇ ਮੁੜ ਆਉਂਦਾ ਹੈ।

ਅਫਸਰ ਕ੍ਰਿਝ ਰਿਹਾ ਹੈ। ਕੁਰਸੀ ਤੋਂ ਉਠ ਖੜਿਆ ਹੈ। ਕਦੇ ਏਧਰ ਜਾਂਦਾ ਹੈ। ਕਦੇ ਉਧਰ ਜਾਂਦਾ ਹੈ।

ਸੇਵਾਦਾਰ ਆ ਗਿਆ ਹੈ। ਸਲਾਮ ਦੁਆ ਕਰਦਾ ਹੈ। ਹੱਥ ਵਿਚ ਫੜਿਆ ਦੁੱਧ ਦਾ ਗਲਾਸ ਮੇਜ਼ 'ਤੇ ਰਖਦਾ ਹੈ। ਅਫਸਰ ਬਹਿ ਜਾਂਦਾ ਹੈ। ਕਦੀ ਸੇਵਾਦਾਰ ਵੱਲ ਵੇਖਦਾ ਹੈ। ਤੇ ਕਦੀ ਦੁੱਧ ਨੂੰ ਵੇਖਦਾ ਹੈ।

ਕਮਰਾ ਸੀਤ ਹੈ। ਅਫਸਰ ਉਲਝਿਆ ਹੋਇਆ ਹੈ। ਅਸਲ ਵਿਚ ਉਹ ਸੇਵਾਦਾਰ ਨੂੰ ਕੁਝ ਕਹਿਣਾ ਚਾਹੁੰਦਾ ਸੀ ਪਰ ਦੁੱਧ ਦਾ ਗਿਲਾਸ ਉਸਦੇ ਮੂਹਰੇ ਪਿਆ ਸੀ।

ਮੱਝ ਦੁੱਧੋਂ ਭੱਜ ਗਈ ਹੈ। ਦੁੱਧ ਦੀ ਬਾਜ਼ਾਰੀ ਕੀਮਤ ਵਧ ਗਈ ਹੈ। ਦੁੱਧ ਪੀਣ ਲਈ ਜੇਬ ਵਿਚੋਂ ਪੈਸੇ ਕਢਣਾ ਮੂਰਖਤਾ ਹੈ। ਜਿਉਂਦੇ ਰਹਿਣ ਵਿਚਾਰੇ ਸੇਵਾਦਾਰ, ਭਾਵੇਂ ਪਾਨ ਤੇ ਜਰਦਾ ਖਾ ਕੇ ਹੀ ਜਿਊਣ ਪਰ ਸਾਹ ਜ਼ਰੂਰ ਲੈਂਦੇ ਰਹਿਣ।

ਯੁਗ ਯੁਗ ਜੀਣ ਕਲਰਕ ਤੇ ਸਹਾਇਕ ਜਿਹੜੇ ਅਫਸਰ ਦੇ ਬਿਨ ਸਮਝਾਏ ਹੀ ਨੌਕਰੀ ਕਰਨ ਦਾ ਵੱਲ ਸਿਖ ਗਏ ਹਨ।

ਸਾਰੇ ਕਮਰਿਆਂ ਵਿਚ ਖਬਰ ਹੋ ਗਈ ਹੈ ਕਿ ਜਨਾਬ ਜ਼ਿਲ੍ਹਾ ਅਫਸਰ ਸਾਹਿਬ ਤਸ਼ਰੀਫ ਲੈ ਆਏ ਹਨ। ਕੰਮ ਕੀੜੀ ਰਫ਼ਤਾਰ ਨਾਲ ਸ਼ੁਰੂ ਹੈ।

ਇਹ ਦਫਤਰ ਹੈ—

**ਦਫਤਰ ਵਿਚ ਪੁਤਲੀਆਂ ਹੀ ਪੁਤਲੀਆਂ ਹਨ। ਨਰ ਪੁਤਲੀਆਂ, ਮਾਦਾ ਪੁਤਲੀਆਂ, ਕਾਲੀਆਂ ਪੁਤਲੀਆਂ, ਚਿੱਟੀਆਂ ਪੁਤਲੀਆਂ ਤੇ ਕੱਠ ਪੁਤਲੀਆਂ। ਭਾਵੇਂ ਦਫਤਰ ਦੇ ਪੁਤਲੀਨੁਮਾ** ਲੋਕ ਜੱਦੀ ਪੁਸ਼ਤੀ ਮਰਾਸੀ ਨਹੀਂ ਪਰ ਫਿਰ ਵੀ ਮਰਾਸੀਆਂ ਵਰਗੀਆਂ ਆਦਤਾਂ ਦੇ ਗੁਲਾਮ ਹਨ। ਦਸਦੇ ਹਨ ਕਿ ਚਮਚਗਿਰੀ ਦਾ ਜਨਮ ਵੀ ਇਸੇ ਦਫਤਰ ਵਿਚ ਹੋਇਆ ਸੀ ਪਰ ਹੁਣ ਤੇ ਸਾਰੀਆਂ ਥਾਵਾਂ 'ਤੇ ਉਸਦੇ ਚਰਚੇ ਹਨ।

ਇਹ ਦਫ਼ਤਰ ਦੀ ਮਾਦਾ ਪੁਤਲੀ ਹੈ। ਸੇਵਾ ਨਵਿਰਤ ਹੋਣ 'ਤੇ ਆਈ ਹੈ। ਕਬਰਾਂ ਵਿਚ ਪੈਰ ਹਨ ਪਰ ਤੁਹਾਨੂੰ ਮਿੱਠੀਆਂ ਵੀਹਾਂ ਵਰ੍ਹਿਆਂ ਦੀ ਕੁੜੀ ਦਾ ਨਾਟਕ ਕਰੇਗੀ।

ਤੁਸੀਂ ਪਰੇਸ਼ਾਨ ਨਾ ਹੋਵੋ। ਗਲਤ ਕਿਉਂ ਸਮਝਦੇ ਹੋ? ਅਫਸਰ ਨਾਲ ਉਹਦੇ ਏਨੇ ਨਾਜ਼ੁਕ ਸੰਬੰਧ ਨਹੀਂ ਸਗੋਂ ਅਫਸਰ ਨੂੰ ਤੇ ਉਹ ਆਪਣੇ ਪੁੱਤਰਾਂ ਵਰਗਾ ਦਸਦੀ ਹੈ ਪਰ ਅਫਸਰ ਨਾਲ ਚੋਰੀ ਛੱਪੇ ਸਰਕਾਰੀ ਆਰਾਮਗਾਹ ਵਿਚ ਗੁਜ਼ਾਰੀਆਂ ਰਾਤਾਂ ਦੀ ਗਿਣਤੀ ਕਰਨੀ ਜੇ ਔਖੀ ਨਹੀਂ ਤਾਂ ਸੌਖੀ ਵੀ ਨਹੀਂ।

ਅਜੀਬ ਗੱਲ ਹੈ। ਅੱਜ ਕੱਲ ਰਿਸ਼ਤਿਆਂ ਦੀ ਪਹਿਚਾਣ ਕਰਨੀ ਵੀ ਮੁਸ਼ਕਿਲ ਹੋ ਗਈ ਹੈ। ਇਸੇ ਪੁਤਲੀ ਦੀ ਗੱਲ ਹੈ—

ਇਸਨੂੰ ਤੁਸੀਂ ਕੋਠੇ ਮੂਹਰੇ ਖੜਨ ਵਾਲੀ ਸਮਿਤਰਾ ਬਾਈ ਵੀ ਕਹਿ ਸਕਦੇ ਹੋ। ਆਦਤਾਂ ਦਾ ਵੀ ਏਨਾਂ ਵਖਰੇਵਾਂ ਨਹੀਂ। ਤਾਂ ਕੀ ਹੋਇਆ ਜੇ ਮੂੰਹ ਵਿਚ ਪਾਨ ਨਹੀਂ ਚਬਾਉਂਦੀ। ਮਿਸਰੀ ਤੇ ਲਾਚੀਆਂ ਲੈ ਕੇ ਦਰ ਮੂਹਰੇ ਨਹੀਂ ਖੜਦੀ।

ਕੁਝ ਮਹੀਨਿਆਂ ਦੀ ਹੀ ਗੱਲ ਹੈ—

ਖਾਲੀ ਆਸਾਮੀ 'ਤੇ ਇਕ ਮੁਟਿਆਰ ਪੁਤਲੀ ਦੀ ਨਿਯੁਕਤੀ ਕਰ ਦਿਤੀ ਗਈ। ਇਹ ਆਸਾਮੀ ਮੁਟਿਆਰ ਪੁਤਲੀਆਂ ਲਈ ਰਾਖਵੀਂ ਹੈ।

ਬੁੱਢੀ ਪੁਤਲੀ ਨੇ ਨਵੀਂ ਪੁਤਲੀ ਨੂੰ ਦਫਤਰ ਵਿਚ ਰਹਿਣ ਦੀ ਜਾਚ ਸਿਖਾਈ। ਤਕਨੀਕ ਦੱਸੀ ਤੇ ਤਜਰਬੇ ਤੋਂ ਹਾਸਲ ਕੀਤੇ ਢੰਗਾਂ ਤੋਂ ਜਾਣੂ ਕਰਵਾਇਆ। ਜਦ ਤਿਆਰੀ ਪੂਰੀ ਹੋ ਗਈ ਤਾਂ ਬੁੱਢੀ ਪੁਤਲੀ ਨੇ ਨਵੀਂ ਪੁਤਲੀ ਨੂੰ ਸਰਕਾਰੀ ਆਰਾਮਗਾਹ ਵਿਚ ਸੱਦਾ ਦਿੱਤਾ।

ਅਰਾਮਗਾਹ 'ਤੇ ਬੈਠਾ ਅਫਸਰ ਬੁੱਲ੍ਹਾਂ 'ਤੇ ਜੀਭ ਫੇਰਦਾ ਰਿਹਾ ਪਰ ਨਵੀਂ ਪੁਤਲੀ ਨਾ ਆਈ। ਅਫਸਰ ਦਾ ਗੁੱਸਾ ਸਾਂਭਿਆ ਨਹੀਂ ਸੀ ਜਾਂਦਾ। ਦੂਸਰੀ ਸਵੇਰ ਬੁੱਢੀ ਪੁਤਲੀ ਦੀ ਜਵਾਬ ਤਲਬੀ ਕੀਤੀ ਗਈ ਤੇ ਨਵੀਂ ਪੁਤਲੀ ਨੂੰ ਅਸਤੀਫਾ ਦੇਣ ਲਈ ਮਜਬੂਰ ਕੀਤਾ ਗਿਆ।

ਕਿੰਨੀ ਵੇਰ ਰੁਜ਼ਗਾਰ ਦਫਤਰੋਂ ਇਸ ਆਸਾਮੀ ਲਈ ਪ੍ਰਾਰਥਨਾ ਮੰਗੇ ਗਏ ਹਨ। ਅਫਸਰ ਵਿਚਾਰਾ ਕੀ ਕਰੇ। ਯੋਗ ਉਮੀਦਵਾਰ ਮਿਲਦਾ ਹੀ ਨਹੀਂ।

ਘਬਰਾ ਕਿਉਂ ਰਹੇ ਹੋ। ਮੈਂ ਪੁਤਲੀਆਂ ਦੀ ਗੱਲ ਹੀ ਸ਼ੁਰੂ ਰੱਖਾਂਗਾ। ਰੁਜ਼ਗਾਰ ਦਫਤਰ ਐਵੇਂ ਵਿਚ ਆ ਵੜਿਆ।

ਇਥੇ ਅਨੇਕਾਂ ਪੁਤਲੀਆਂ ਦੀਆਂ ਕਹਾਣੀਆਂ ਮਸ਼ਹੂਰ ਹਨ। ਕਈ ਵਾਰ ਭੂਚਾਲ ਆਉਂਦਾ ਆਉਂਦਾ ਰਿਹਾ ਹੈ। ਕਈ ਵੇਰ ਆਇਆ ਵੀ ਹੈ ਪਰ ਸਰਕਾਰੀ ਅੰਕੜੇ ਖਾਮੋਸ਼ ਹਨ।

ਅਫਸਰ ਖੁਦ ਪੁਤਲੀ ਹੈ, ਉਹਦੀਆਂ ਵਾਗਾਂ ਮੁੱਖ ਦਫਤਰ ਦੀ ਵੱਡੀ ਪੁਤਲੀ ਦੇ ਹੱਥ ਹਨ। ਇਸ ਦਫਤਰ ਦੇ ਅੰਦਰ ਵੜਕੇ ਵੇਖੋ। ਕਦੀ ਆਓ ਤਾਂ ਸਹੀ।

ਇਥੇ ਭਾਅ ਨਿਸ਼ਚਿਤ ਹਨ। ਘਰ ਦੀ ਕੱਢੀ ਹੋਈ ਜਾਂ ਦੇਸੀ ਠੇਕੇ ਦੀ ਸਾਹਿਬ ਦੇ ਪਸੰਦ ਨਹੀਂ। ਅੰਗਰੇਜ਼ੀ ਦੇ ਠੇਕੇ ਆਮ ਹਨ। ਤੁਸੀਂ ਫਿਕਰ ਨਾ ਕਰੋ। ਤੁਹਾਡੇ ਨਾਲ ਕਦੀ ਜ਼ਿਆਦਤੀ ਨਹੀਂ ਹੋਏਗੀ। ਇਕ ਦੂਸਰੇ ਦੀ ਮੱਦਦ ਕਰਨਾ ਇਨਸਾਨੀ ਫਰਜ਼ ਹੈ। ਅਫਸਰ ਦੀ ਤਨਖਾਹ ਬਹੁਤ ਘੱਟ ਹੈ। ਖਾਲੀ ਪੰਦਰਾਂ ਸੌ ਨਾਲ ਤਿੰਨ ਜੀਆਂ ਦਾ ਕੀਅ ਬਣਦਾ ਹੈ। ਅਸਲ ਤੇ ਨਿਸਚਿਤ ਦਰ ਅਨੁਸਾਰ ਹੀ ਤੁਹਾਡੇ ਕੋਲੋਂ ਸਹਾਇਤਾ ਫੰਡ ਵਸੂਲਿਆ ਜਾਏਗਾ। ਸਹਾਇਤਾ ਫੰਡ ਦਾ ਵੱਧ ਜਾਂ ਘੱਟ ਹੋਣਾ ਕੰਮ 'ਤੇ ਨਿਰਭਰ ਕਰਦਾ ਹੈ। ਮਾਪ ਮੁਤਾਬਕ ਹੀ ਤਕਲੀਫ ਦਿਤੀ ਜਾਂਦੀ ਹੈ।

ਸਹਾਇਤਾ ਫੰਡ ਚਾਹ ਦਾ ਕੱਪ ਵੀ ਹੋ ਸਕਦਾ ਹੈ। ਸ਼ਰਾਬ ਦੀ ਬੋਤਲ ਵੀ ਜਾਂ ਨਗਦ ਦਾਮ ਵੀ ਹੋ ਸਕਦੇ ਹਨ। ਕਿਸੇ ਜੁਆਨ ਪੁਤਲੀ ਦੀ ਇਕ ਰਾਤ ਵੀ ਸਹਾਇਤਾ ਫੰਡ ਦੇ ਰੂਪ ਵਿਚ ਮਾਪੀ ਜਾ ਸਕਦੀ ਹੈ।

ਵਿਸ਼ਵਾਸ ਕਰੋ। ਦਫਤਰ ਵਾਲੇ ਕਿਸੇ ਨਾਲ ਅਨਿਆਂ ਕਰਨਾ ਮਹਾਂ ਪਾਪ ਸਮਝਦੇ ਹਨ। ਸਭ ਸੱਚੇ ਸੁੱਚੇ ਹਨ। ਕੋਈ ਰਾਧਾ ਸੁਆਮੀ ਹੈ। ਕੋਈ ਨਿਰੰਕਾਰੀ ਹੈ। ਕੋਈ ਵਾਹਿਗੁਰੂ ਵਾਹਿਗੁਰੂ ਕਰਦਾ ਹੈ। ਤੇ ਕੋਈ ਰਾਮ ਰਾਮ ਜਪਦਾ ਹੈ। ਕੋਈ ਇਹਨਾਂ ਸਾਰਿਆਂ ਨੂੰ ਭੰਡਦਾ ਹੈ ਤੇ ਰੱਬ ਦੀ ਹੋਂਦ ਤੋਂ ਮੁਨਕਰ ਹੈ।

ਮਿਹਰਬਾਨੀ ਕਰਕੇ ਕਦੀ ਆਉ ਤਾਂ ਸਹੀ—

ਤੁਹਾਡੇ ਪੜ੍ਹਨ ਲਈ ਹੀ ਤਾਂ ਏਡੀ ਵੱਡੀ ਲਾਇਬਰੇਰੀ ਬਣਾਈ ਗਈ ਹੈ। ਕੀ ਆਖਦੇ ਹੋ? ਪੁਸਤਕਾਂ ਨੂੰ ਅਲਮਾਰੀ ਵਿਚ ਪਿਆਂ ਪਿਆਂ ਸਿਉਂਕ ਲਗ ਗਈ ਹੈ।

ਅਜੀਬ ਆਦਮੀ ਹੋ ਤੁਸੀਂ। ਤੁਸੀਂ ਆਉ ਤਾਂ ਸਹੀ। ਤੁਹਾਡੇ ਆਉਂਦਿਆਂ ਨੂੰ ਤਾਂ ਨਵਾਂ ਬਜਟ ਵੀ ਆ ਜਾਏਗਾ। ਪਰੇਸ਼ਾਨ ਕਿਉਂ ਹੋ? ਆਪਾਂ ਠੀਕ ਥਾਂ 'ਤੇ ਹੀ ਆਏ ਹਾਂ। ਇਹ ਅਫਸਰ ਦਾ ਕਮਰਾ ਨਹੀਂ। ਕਾਹਲੇ ਨਾ ਪਵੋ: ਹੁਣੇ ਦੱਸਦਾ ਹਾਂ।

ਦਫਤਰ ਦੇ ਸਹਾਇਕ ਦਾ ਕਮਰਾ ਹੈ।

ਕਮਰਾ ਨਹੀਂ ਸਗੋਂ ਪਾਰਲੀਮੈਂਟ ਹਾਊਸ ਹੈ।

ਹਰ ਵਿਸ਼ੇ 'ਤੇ ਇਥੇ ਭਖਵੀਂ ਬਹਿਸ ਹੁੰਦੀ ਹੈ।

ਪਾਰਲੀਮੈਂਟ ਹਾਊਸ ਨਹੀਂ। ਮੈਂ ਗਲਤੀ 'ਤੇ ਹਾਂ। ਸਗੋਂ ਚੋਣ ਹਲਕਾ ਹੈ। ਹਰ ਮੈਂਬਰ ਆਪਣੇ ਆਪਣੇ ਹੱਕ ਵਿਚ ਪਰਚਾਰ ਕਰਦਾ ਹੈ। ਪੁਤਲੀਆਂ ਤਮਾਸ਼ਾ ਵੇਖਦੀਆਂ ਹਨ। ਤਮਾਸ਼ਾ ਬਣਾਉਂਦੀਆਂ ਹਨ। ਇਸ ਕਮਰੇ ਵਿਚ ਪੱਗਾਂ ਲਹਿੰਦੀਆਂ ਹਨ। ਤੇ ਪੱਗਾਂ ਰਖੀਆਂ ਜਾਂਦੀਆਂ ਹਨ। ਅਫਸਰ ਕੋਲੋ ਸ਼ਕਾਇਤਾਂ ਹੁੰਦੀਆਂ ਹਨ। ਅਨੇਕਾਂ ਦੀ ਚਾਂਦੀ ਬਣਦੀ ਹੈ। ਅਫਸਰ ਵੀ ਪੁੱਠੀ ਛਾਲ ਮਾਰਦਾ ਹੈ।

ਮੈਨੂੰ ਇਹਨਾਂ ਨਾਲ ਹਮਦਰਦੀ ਹੈ। ਇੰਦਰਜੀਤ ਨੂੰ ਇਹਨਾਂ ਨਾਲ ਹਮਦਰਦੀ ਹੈ। ਇਹਨਾਂ


**SHAKTI GIFT**

**6576 MAIN STREET, VANCOUVER, B.C.**

Where you can get all types of Real and Artificial Jewellery and all types of oriental designs can be made!

**SALE AND REPAIRS OF WATCHES**

321-6214

ਨੂੰ ਕੌਣ ਗਲਤ ਰਾਹੇ ਪਾ ਰਿਹਾ ਹੈ ? ਇਹਨਾਂ ਨੂੰ ਕੌਣ ਮੂਰਖ ਬਣਾ ਰਿਹਾ ਹੈ ?

ਆਪਣੇ ਕਮਰੇ ਵਿਚ ਬੈਠਾ ਅਫਸਰ ਤਮਾਸ਼ਾ ਵੇਖ ਰਿਹਾ ਹੈ ।

ਉਲਝਣ ਵਿਚ ਨਾ ਪਉ । ਇਹ ਸਹਾਇਕ ਦਾ ਕਮਰਾ ਹੈ । ਸਹਾਇਕ ਜਿਹੜਾ ਕਿ ਜ਼ਿਲਾ ਯੂਨੀਅਨ ਦਾ ਸਕੱਤਰ ਹੈ । ਸਹਾਇਕ ਜਿਹੜਾ ਕਿ ਕੁਨਬਾ ਪਰਵਰੀ ਵਿਚ ਮਾਹਰ ਹੈ । ਸਹਾਇਕ ਦਾ ਭਤੀਜਾ, ਭਾਣਜਾ, ਸਾਲਾ ਅਤੇ ਭਾਈ ਦਫਤਰ ਵਿਚ ਨੌਕਰ ਹਨ । ਸਹਾਇਕ ਅਫਸਰ ਦਾ ਰਾਜਦੂਤ ਵੀ ਹੈ । ਇਹ ਗੱਲ ਖੁਫੀਆ ਹੈ ।

ਦਫਤਰ ਦੇ ਕਈ ਭੇਦ ਖੁਫੀਆ ਰੱਖੇ ਜਾਂਦੇ ਹਨ । ਜਿਹਨਾਂ ਨੂੰ ਨਾ ਖੋਹਲਣ ਦੀ ਸੁਗੰਧ ਸਹਾਇਕ ਨੂੰ ਚੁਕਾਈ ਜਾਂਦੀ ਹੈ ।

ਮੁਲਾਜ਼ਮ ਇਸ ਗੱਲੋਂ ਕੋਰੇ ਹਨ । ਇੰਦਰਜੀਤ ਜਾਣਦਾ ਹੈ । ਰੌਲਾ ਪਾਉਂਦਾ ਹੈ । ਉਸਦੀ ਕੌਣ ਸੁਣਦਾ ਹੈ । ਉਹਦੇ 'ਤੇ ਅਤਿਵਾਦੀ ਹੋਣ ਦਾ ਦੋਸ਼ ਹੈ । ਦਫਤਰ ਦਾ ਭੱਠਾ ਬੈਠਿਆ ਹੀ ਸਮਝੋ । ਸਾਰੇ ਸਹਿਮਤ ਹਨ । ਮੁਨਕਰ ਕੋਈ ਵੀ ਨਹੀਂ । ਸਾਰੇ ਦਾ ਸਾਰਾ ਦਫਤਰ ਬੱਧਾ ਰੁੱਧਾ ਗੁਲਾਮ ਹੈ । ਸਾਰਿਆਂ ਦੀ ਆਵਾਜ਼ ਬੰਦ ਹੈ । ਸਾਰੇ ਭੁੱਖੇ ਮਰਦੇ ਹਨ ।

ਤਨਖਾਹ ਪਿਛੋਂ ਮਿਲਦੀ ਹੈ । ਲਹਿਣੇਦਾਰ ਪਹਿਲਾ ਖੜੇ ਹੁੰਦੇ ਹਨ । ਤਨਖਾਹ ਵਾਲੇ ਦਿਨ ਵੀ ਪੀੜ ਬੱਚਾ ਜੰਮਣ ਵਾਲੀ ਮਾਂ ਨਾਲੋਂ ਕਿਤੇ ਵਧੇਰੇ ਹੁੰਦੀ ਹੈ ।

ਸਾਰਿਆਂ ਦੀਆਂ ਆਪਣੀਆਂ ਆਪਣੀਆਂ ਮਜਬੂਰੀਆਂ ਹਨ । ਰੋਟੀ ਬੜੀ ਮੁਸ਼ਕਲ ਨਾਲ ਟੁਰਦੀ ਹੈ । ਸਾਰਿਆਂ ਦੇ ਦੁਖ ਸਾਂਝੇ ਹਨ । ਸਾਰੇ ਇਕ ਦੂਜੇ ਨੂੰ ਅੰਦਰੋਂ ਬਾਹਰੋਂ ਜਾਣਦੇ ਹਨ ।

ਅਜੀਬ ਗੱਲ ਹੈ—

ਫਿਰ ਵੀ ਸਾਰੇ ਇਕ ਦੂਜੇ ਦੇ ਵੈਰੀ ਹਨ । ਅਫਸਰ ਦੇ ਚਮਚੇ ਹਨ । ਸਾਰਿਆਂ ਦੀ ਡੋਰ ਅਫਸਰ ਦੇ ਹੱਥ ਵਿਚ ਹੈ । ਉਹ ਇਕ ਦੂਜੇ ਨੂੰ ਧੋਖਾ ਦਿੰਦੇ ਹਨ । ਇਕ ਦੂਜੇ ਦੀਆਂ ਅੱਖਾਂ ਵਿਚ ਘੱਟਾ ਪਾਉਂਦੇ ਹਨ । ਚੋਰੀ ਚੋਰੀ ਅਫਸਰ ਦੀ ਸੇਵਾ ਕਰਦੇ ਹਨ । ਨਿੱਕੇ ਮੋਟੇ ਕੰਮਾਂ ਲਈ ਜ਼ਮੀਰ ਗਹਿਣੇ ਧਰਦੇ ਹਨ ।

ਉਹ ਸਾਰੇ ਸਮਝਦੇ ਹਨ ਕਿ ਮੈਂ ਹੋਰ ਸਾਰਿਆਂ ਨਾਲੋਂ ਅਫਸਰ ਦੇ ਨੇੜੇ ਹਾਂ ਤੇ ਮੇਰੇ ਨਾਲ ਅਫਸਰ ਦੀ ਪੂਰੀ ਗੱਲਬਾਤ ਹੈ । ਅਫਸਰ ਮੇਰਾ ਆਖਾ ਮੰਨਦਾ ਹੈ । ਪਰ ਨਹੀਂ ਉਹ ਆਪਣੇ ਆਪ ਨਾਲ ਫਰੇਬ ਕਰਦੇ ਹਨ ।

ਉਹ ਨਹੀਂ ਜਾਣਦੇ ਕਿ ਅੰਗਰੇਜ਼ ਹਾਲੀ ਜਿਉਂਦਾ ਹੈ ।

ਇੰਦਰਜੀਤ ਕਈ ਵੇਰ ਉਜਰ ਕਰਦਾ ਹੈ । ਤਾਂ ਅਫਸਰ ਚੀਕਦਾ ਹੈ । ਉਸੇ ਵੇਲੇ ਉਹਦੇ 'ਤੇ ਕੋਈ ਨਵਾਂ ਦੋਸ਼ ਲਾਇਆ ਜਾਂਦਾ ਹੈ ।

ਵਿਦਰੋਹ ਕਰਨ ਨੂੰ ਜੀਅ ਕਰਦਾ ਹੈ । ਪਰ ਉਹ ਇਕੱਲਾ ਕੀ ਕਰ ਸਕਦਾ ਹੈ । ਬਾਕੀ ਸਭ ਨਾਮਰਦ 'ਕੱਠੇ ਹੋਏ ਹੋਏ ਨੇ । ਕਈ ਵੇਰ ਭੁਲੇਖਾ ਪੈਂਦਾ ਹੈ ਜਿਵੇਂ ਇਹ ਪੱਥਰ ਯੁਗ ਦੀ ਸੰਤਾਨ ਹਨ । ਅਤੇ ਗਲਤੀ ਨਾਲ ਰਾਕਟ ਯੁਗ ਵਿਚ ਆ ਵੜੇ ਹਨ ।

ਕਿਧਰ ਦੇਖ ਰਹੇ ਹੋ ?

ਇਹਦਾ ਕੀ ਦੇਖਣਾ ਹੈ, ਕਦੇ ਕਾਰ ਨਹੀਂ ਦੇਖੀ । ਇਹ ਅਫਸਰ ਦੀ ਕਾਰ ਹੈ । ਸਰਕਾਰੀ ਪੈਟਰੋਲ ਨਾਲ ਚਲਦੀ ਹੈ । ਅਫਸਰ ਕਿਸੇ ਵੱਡੀ ਪੁਤਲੀ ਦੇ ਘਰ ਚਲਿਆ ਹੈ ।

ਤੁਸੀ ਕੀ ਸੋਚ ਰਹੇ ਹੋ ?

ਪੁਤਲੀਆਂ ਦੀਆਂ ਕਿਸਮਾਂ ਬਾਰੇ ਵਿਚਾਰ ਕਰ ਰਹੇ ਹੋ ? ਸੱਚਮੁਚ ਬੜਾ ਸੋਹਣਾ ਵਿਸ਼ਾ ਹੈ । ਇਹਦੇ 'ਤੇ ਬੜਾ ਤਕੜਾ ਥੀਸਸ ਲਿਖਿਆ ਜਾ ਸਕਦਾ ਹੈ । ਅਤੇ ਯੂਨੀਵਰਸਿਟੀ ਕੋਲੋਂ ਡਾਕਟਰੇਟ ਦੀ ਡਿਗਰੀ ਵੀ ਸੌਖਿਆਂ ਹੀ ਮਿਲ ਸਕਦੀ ਹੈ ।

ਅੱਖਾਂ ਨਾਂ ਕਢੋ । ਮਜ਼ਾਕ ਨਹੀਂ ਕਰ ਰਿਹਾ ।

ਇਹ ਸਰਕਾਰੀ ਪੁਤਲੀ ਘਰ ਹੈ—

ਨਾਚ ਜਾਰੀ ਹੈ—




ਸੋਨੇ ਦੇ ਲੇਟੈਸਟ ਡੀਜ਼ਾਈਨਾਂ ਵਿੱਚ

ਗਹਿਣੇ ਖਰੀਦਣ ਲਈ

ਸੋਨੀ ਐਂਡ ਸਨਜ਼

**SONI & SONS**

**JEWELLERS**

**Specialist in East Indian Jewelery**

6524 MAIN ST.

( AT 49th. Ave.)

VANCOUVER, B.C.

PHONE 324-1012

**RES. 327-0783**

# HIMALAYA RESTAURANT

(LICENSED PREMISES)

## 2313 Main St., Vancouver, B.C.

## 876-2911, 327-1888



***WHERE YOU CAN GET:***

Lamb Curry, Beef Curry, Prawn Curry, Goat Meat (Special), Vegetables, Samosas, Puree Chhollay, Lassi, Daheen (Curd), Gulab Jaman, Barfee, Baesan, Gajrela, Ladoo, Jalebi, Petha and many more.

**FULL DINNER Vegetarian $2⁹⁵ Non-Vegetarian $3⁹⁵**

ਹਿਮਾਲੀਆ ਰੈਸਟੋਰੈਂਟ 2313 ਮੇਨ ਸਟ੍ਰੀਟ

* ਵਿਸਾਖੀ ਦੇ ਸ਼ੁਭ ਅਵਸਰ ਤੇ ਖ਼ਾਸ ਮਠਿਆਈਆਂ ਮਿਲਦੀਆਂ ਹਨ
* ਵਿਆਹ ਸ਼ਾਦੀਆਂ ਸਮੇਂ ਹਰ ਕਿਸਮ ਦੀ ਮਠਿਆਈ ਬਣਾਉਣ ਲਈ ਮਿਲੋ ਜਾਂ ਫ਼ੋਨ ਕਰੋ

ਮਾਲਕ ਕੇਵਲ ਸਿੰਘ ਪਾਬਲਾ ਫ਼ੋਨ: 876-2911, 327-1888
(ਜਿਨ੍ਹਾਂ ਕੁਕਿੰਗ ਦਾ 25 ਸਾਲ ਦਾ ਤਜਰਬਾ ਹੈ)

---







AVAILABLE AT

# BHARTI ART JEWELLERS

*Specialist in East Indian Jewelry Craftware*

865 KINGSWAY (near Fraser) VANCOUVER, B.C., CANADA

CONTACT:

RASIK PAREKH — BUS: 874-9448 — 879-5610



# ਪਾਠਕਾਂ ਦਾ ਪੰਨਾ

'ਵਤਨੋਂ ਦੂਰ' ਮਿਲਿਆ - ਨਵੇਂ ਪਰਬੰਧਕਾਂ ਤੋਂ ਨਵੇਂ ਜੌਹਰਾਂ ਦੀ ਆਸ ਰਖਣੀ ਜੋਗ ਹੈ ਕਿ ਨਹੀਂ ? ਗੱਲ ਮੁੜ ਸਾਡੇ (ਲੇਖਕਾਂ) ਸਿਰ ਹੀ ਟੁਟਦੀ ਹੈ ਕਿ ਅਸੀਂ ਕੀ ਲਿਖਦੇ ਤੇ ਕੀ ਭੇਜਦੇ ਹਾਂ - ਹੁਣ ਜੋ ਵੀ ਨਵੀਂ ਕਹਾਣੀ ਲਿਖੀ ਗਈ ਤੈਨੂੰ ਭੇਜਾਂਗਾ -

- ਰਵਿੰਦਰ ਰਵੀ
NEW AIYANSH, B.C.

ਮਾਰਚ ਅੰਕ ਮਿਲਿਆ ਹੈ। ਇਸ ਬਾਰੇ ਬਹੁਤ ਕੁਝ ਲਿਖਿਆ ਜਾ ਸਕਦਾ ਹੈ। ਮੈਂ ਵਿਸਥਾਰ ਤੋਂ ਗੁਰੇਜ਼ ਕਰਦਾ ਹਾਂ। ਇਸ ਵਿੱਚ ਓਮ ਪ੍ਰਕਾਸ਼ ਸ਼ਰਮਾ ਦੀਆਂ ਕਵਿਤਾਵਾਂ ਬੜੀਆਂ ਬਲਵਾਨ ਹਨ। ਉਸ ਸੱਠ ਕਰੋੜ ਲੋਕਾਂ ਦੇ ਦੇਸ਼ ਵਿਚ ਭੁੱਖ-ਪੀੜਤ ਬਹੁਗਿਣਤੀ ਦੀ ਹੋਣੀ ਦੇ ਯਥਾਰਥ ਨੂੰ ਅਭਿਵਿਅਕਤ ਕੀਤਾ ਹੈ। ਭੁੱਖਾ ਢਿੱਡ ਦਿਮਾਗ਼ ਦੇਸ਼ ਨੂੰ ਸਫ਼ਰ ਕਰਦਾ ਹੈ ਤੇ 'ਮੱਖੀਆਂ ਦੇ ਇਜਲਾਸ' ਤਦ ਤੱਕ 'ਮਤਾ ਪਾਸ' ਕਰਨੋਂ ਨਹੀਂ ਹਟਦੇ ਜਦ ਤੱਕ ਰੋਟੀ ਦੀ ਬੁਰਕੀ ਕੈਦ ਤੋਂ ਮੁਕਤ ਨਹੀਂ ਹੋ ਜਾਂਦੀ। ਜਦੋਂ ਇਹ ਮੁਕਤ ਹੋ ਗਈ, ਉਦੋਂ ਓਮ ਪ੍ਰਕਾਸ਼ ਦੀਆਂ ਕਵਿਤਾਵਾਂ ਜਨ-ਸਾਹਿਤ ਦਾ ਸੁਨਹਿਰੀ ਵਰਕਾ ਜ਼ਰੂਰ ਬਣਨਗੀਆਂ।

- ਜਰਨੈਲ ਸਿੰਘ
VANCOUVER, B.C.

'ਵਤਨੋਂ ਦੂਰ' ਦੇ ਮਾਰਚ 1977 ਦੇ ਅੰਕ ਵਿੱਚ ਕਰਨੈਲ ਮਾਨ ਦੀ 'ਪਾਠਕਾਂ ਦਾ ਪੰਨਾ' ਹੇਠ ਸੰਪਾਦਕ ਨੂੰ ਲਿਖੀ ਚਿੱਠੀ ਇਕ ਨਿੱਜੀ ਰੋਸ ਜਿਹਾ ਹੀ ਬਣਕੇ ਰਹਿ ਗਈ ਹੈ - ਅਸਲ ਵਿੱਚ ਵੇਖਿਆ ਜਾਵੇ ਤਾਂ ਇਹ ਨਿਜੀ ਰੋਸ ਵੀ ਨਹੀਂ ਹੈ। ਇੰਜ ਲਗਦਾ ਹੈ ਕਿ ਪਰਚੇ 'ਵਤਨੋਂ ਦੂਰ' ਬਾਰੇ ਆਲੋਚਨਾ ਕਰਨ ਲੱਗਿਆਂ ਆਲੋਚਕ ਤਸਵੀਰ ਦੇ ਦੋਵੇਂ ਪਾਸੇ ਨਹੀਂ ਵੇਖ ਸਕਿਆ ਹੈ। ਨਿਰਪੱਖ ਆਲੋਚਨਾ ਲਈ ਆਲੋਚਕ ਨੂੰ ਕਿਸੇ ਵੀ ਕਿਰਤ ਦੇ ਗੁਣ ਅਤੇ ਔਗੁਣ ਦੋਵੇਂ ਹੀ ਪਰਖਣੇ ਜ਼ਰੂਰੀ ਹਨ।
ਫ਼ਰਵਰੀ 1977 ਦੇ ਅੰਕ ਵਿੱਚ ਕਈ ਲੇਖਕਾਂ ਦੀਆਂ ਰਚਨਾਵਾਂ ਬੜੀਆਂ ਹੀ ਅਗਾਂਹਵਧੂ ਅਤੇ ਪਿਆਰੀਆਂ ਹਨ। (ਜ਼ਰੂਰਤ ਮਹਿਸੂਸ ਹੋਣ ਤੇ ਕੋਈ ਵੀ ਪਾਠਕ ਮੇਰੇ ਨਾਲ ਫ਼ਰਵਰੀ 1977 ਦੀਆਂ ਰਚਨਾਵਾਂ ਬਾਰੇ ਵਿਚਾਰ ਵਟਾਂਦਰਾ ਕਰ ਸਕਦਾ ਹੈ।)
ਅਗਾਂਹਵਧੂ ਲੇਖਕ, "ਅੱਗੋਂ ਕੀ ਛਾਪੋਗੇ? ਮੈਨੂੰ ਬਹੁਤਾ ਭੁਲੇਖਾ ਨਹੀਂ ਹੈ", ਲਿਖਕੇ ਆਪ ਹੀ ਪਿਛਾਂਹਖਿਚੂ ਬਣ ਗਿਆ ਜਾਪਦਾ ਹੈ। ਕਿਸੇ ਵੀ ਪਰਚੇ ਬਾਰੇ ਉਪਰੋਕਤ ਸ਼ਬਦ ਲਿਖਕੇ ਉਸ ਉਪਰ ਇਕ ਦਿਲਗੀਰੀ ਜਿਹੀ ਮੋਹਰ ਲਾ ਦੇਣੀ ਤਾਂ 'ਬਹੁਤ ਹੀ ਵੱਡਾ ਭੁਲੇਖਾ' ਹੈ। ਕੋਈ ਵੀ ਸੰਪਾਦਕ ਪਰਚੇ ਨੂੰ ਮਿਹਨਤ ਅਤੇ ਲਗਨ ਨਾਲ ਚੰਗੇ ਤੋਂ ਚੰਗਾ ਬਣਾ ਸਕਦਾ ਹੈ।
ਸੰਪਾਦਨਾ ਕੋਈ ਸੌਖਾ ਕੰਮ ਨਹੀਂ ਹੈ। ਕਈ ਵਾਰ ਕਿਸੇ ਵੀ ਪਰਚੇ ਵਿੱਚ ਤਰੁਟੀਆਂ ਹੋ ਸਕਦੀਆਂ ਹਨ। ਪਰਦੇਸ ਵਿੱਚ ਰਹਿੰਦਿਆਂ ਲਗਾਤਾਰ ਆਪਣੀ ਮਾਂ-ਬੋਲੀ ਵਿੱਚ ਪਰਚਾ ਕੱਢਣਾ ਵੀ ਤਾਂ ਇਕ ਉੱਤਮ ਕੰਮ ਹੈ, ਜੋ ਸਾਰੇ ਲੋਕ ਨਹੀਂ ਕਰ ਸਕਦੇ। ਲੇਖਕ ਜਾਂ ਸੰਪਾਦਕ ਆਕਾਸ਼ੋਂ ਨਹੀਂ ਉਤਰਦੇ, ਸਮਾਜ ਵਿਚੋਂ ਹੀ ਪੈਦਾ ਹੁੰਦੇ ਹਨ। ਅਤੇ ਲਿਖਣਾ ਸਿਗਰਟ ਪੀਣਾ ਜਾਂ ਤਾਸ਼ ਦੀ ਕੋਈ ਬਾਜ਼ੀ ਖੇਡਣਾ ਨਹੀਂ ਹੈ!
ਜੇ ਕਰ ਕਿਸੇ ਵੀ ਪਰਚੇ ਨੂੰ ਅਸੀਂ ਉੱਤਮ ਅਤੇ ਸਫ਼ਲ ਬਣਾਉਣ ਵਿੱਚ ਕੋਈ ਹਿੱਸਾ ਨਹੀਂ ਪਾ ਸਕਦੇ ਤਾਂ ਉਸਨੂੰ ਭੰਡਣ ਦਾ ਵੀ ਸਾਨੂੰ ਕੋਈ ਹੱਕ ਨਹੀਂ ਹੈ! ਆਹਮਖ਼ਾਹ ਭੰਡਣ ਦੀ ਨੀਤੀ ਅਪਨਾਉਣੀ ਤਾਂ ਮਾਂ-ਬੋਲੀ ਨਾਲ ਧ੍ਰੋਹ ਕਮਾਉਣਾ ਹੈ!

- ਹਰਦੇਵ ਦਰੈਚ
VANCOUVER

ਪਿਆਰੇ ਸੁਰਿੰਦਰ,
ਆਦਾਬ! ਜਨਵਰੀ ਦਾ 'ਵਤਨੋਂ ਦੂਰ' ਮਿਲ ਗਿਆ ਹੈ। ਪਰਚੇ ਦੀ ਦਿੱਖ ਦਿਨੋ ਦਿਨ ਬਹੁਤ ਖ਼ੂਬਸੂਰਤ ਹੁੰਦੀ ਜਾ ਰਹੀ ਹੈ - ਜਿਸ ਲਈ ਤੇਰੀ ਉਚੇਚੀ ਮਿਹਨਤ, ਦਾਦ ਦੀ ਪਾਤਰ ਹੈ। ਮੈਂ ਦੋ ਨਵੀਆਂ ਕਵਿਤਾਵਾਂ ਭੇਜ ਰਿਹਾ ਹਾਂ।

- ਦਰਸ਼ਨ ਗਿੱਲ
TERRACE, B.C.

'ਵਤਨੋਂ ਦੂਰ' ਦਾ ਜਨਵਰੀ ਅੰਕ ਅੱਜ ਹੀ ਮਿਲਿਆ ਹੈ। 'ਮਿੰਨੀ ਸਚਾਈ ਕਾਲਮ' ਜਚਦਾ ਹੈ। ਅਮਰਜੀਤ ਸੰਧੂ ਦੀ ਗ਼ਜ਼ਲ ਸਲਾਘਾ ਜੋਗ ਹੈ। ਚੰਗਾ ਹੈ, ਗੁਰਚਰਨ ਰਾਮਪੁਰੀ ਨੂੰ 'ਵਿਸ਼ੇ' ਢੂੰਡਣ ਦਾ 'ਵੱਲ' ਲੱਭ ਪਿਆ ਹੈ। ਕੁੱਕੜਪਿੰਡੀਏ ਦੀ 'ਉਮੀਦ' ਬੇਉਮੀਦੀ ਨਾਲ ਭਰੀ ਪਈ ਹੈ। ਚਮਨ ਦਾ 'ਬਾਗਾਂ ਦਾ ਹੁਸਨ' ਲਾਸਾਨੀ ਹੈ।... ਬੇਸਿਰ-ਪੈਰ ਲਿਖਤਾਂ 'ਵਤਨੋਂ ਦੂਰ' ਤੋਂ ਦੂਰ ਹੀ ਰਹਿਣੀਆਂ ਚਾਹੀਦੀਆਂ।

– ਅਵਤਾਰ ਗਿੱਲ
CALGARY, ALBERTA

ਮਾਰਚ ਅੰਕ ਵਿੱਚ ਓਮ ਪ੍ਰਕਾਸ਼ ਸ਼ਰਮਾ ਦੀਆਂ ਤਿੰਨੇ ਕਵਿਤਾਵਾਂ ਵਿੱਚ ਬੜੀ ਗੱਲ ਸੀ। ਕਹਾਣੀਆਂ ਵਿਚੋਂ ਸਾਦਿਕ ਦੀ 'ਟੁਕੜੇ ਟੁਕੜੇ' ਤੇ ਸੁਰਿੰਦਰ ਸੋਤ ਦੀ 'ਕਣ ਕਣ ਵਿੱਚ ਰੱਬ ਵਸਦਾ ਏ' ਸੁਹਣੀਆਂ ਲੱਗੀਆਂ। ਸੁਖਜੀਤ ਭੱਠਲ ਦੀ ਕਹਾਣੀ 'ਪਲਾਂ ਛਿਣਾਂ ਦਾ ਸਫ਼ਰ' ਤੇ ਸਾਧੂ ਦੀ ਕਵਿਤਾ 'ਹੁਣ' ਹੋਰਾਂ ਦੇ ਢੋਲ ਦਾ ਸੁਹਣਾ ਪੋਲ ਖੋਲ੍ਹ ਗਈਆਂ।

'ਪਾਠਕਾਂ ਦਾ ਪੰਨਾ' ਵਿੱਚ ਕਰਨੈਲ ਮਾਨ ਵੱਲੋਂ ਗਾਲ੍ਹਾਂ ਵਰਗੀ ਵਿੱਚ ਲਿਖੀਆਂ ਬੇਦਲੀਲ ਗੱਲਾਂ ਪੜ੍ਹਕੇ ਦਿਲ ਨੂੰ ਦੁੱਖ ਹੋਇਆ ਹੈ। ਮੈਂ 'ਵਤਨੋਂ ਦੂਰ' ਦਾ ਇਸਦੇ ਜਨਮ ਤੋਂ ਹੀ ਪਾਠਕ ਹਾਂ। ਇਸਦੇ ਅਮਲਾਂ ਵਿੱਚ ਪ੍ਰਚਿਤੀ ਅਤੇ ਖਿੜਕਣ ਵਾਲੀ ਮੈਨੂੰ ਤਾਂ ਕੋਈ ਗੱਲ ਨਹੀਂ ਦਿਸੀ। ਸਗੋਂ ਤੁਸੀਂ ਹਰ ਤਰ੍ਹਾਂ ਦੀਆਂ ਧੜੇਬੰਦੀਆਂ ਤੇ ਨਾਅਰੇਬਾਜ਼ੀਆਂ ਤੋਂ ਬਚਕੇ ਸਿਆਣਪ ਦਾ ਸਬੂਤ ਦਿੱਤਾ ਹੈ। ਗੱਲ ਹੁਸਨ ਦੀ ਹੋਵੇ ਜਾਂ ਇਸ਼ਕ ਦੀ, ਇਨਕਲਾਬ ਦੀ ਹੋਵੇ ਜਾਂ ਧਰਮ ਤੇ ਸਿਆਸਤ ਦੀ; 'ਵਤਨੋਂ ਦੂਰ' ਵਿੱਚ ਭੈੜੇ ਜਾਂ ਨੀਵੇਂ ਰੂਪ ਦੀ ਥਾਂ ਉਚੇ ਪੱਧਰ ਤੇ ਹੀ ਹੁੰਦੀ ਰਹੀ ਹੈ। ਵੈਨਕੂਵਰ ਵਿੱਚ ਲੋਕਾਂ ਦੇ ਜਾਣੇ-ਪਛਾਣੇ 'ਵੱਡੇ ਵੱਡੇ' ਤੇ 'ਕਾਲੇ ਚਿਹਰਿਆਂ' ਨਾਲ ਜਦੋਂ ਵੀ 'ਵਤਨੋਂ ਦੂਰ' ਦੀ ਗੱਲ ਚੱਲੇ ਉਹ ਇਸਦਾ ਨਾਮ ਬੜੀ ਔਖਿਆਈ ਨਾਲ ਲੈਂਦੇ ਹਨ ਜੋ ਇਸਦੇ ਪਿਛਾਂਹਖਿੱਚੂ ਨਹੀਂ ਅਗਾਂਹਵਧੂ ਹੋਣ ਦਾ ਸਬੂਤ ਹੈ। ਕੀ ਸ਼ਹੀਦਾਂ ਬਾਰੇ ਲੇਖ ਛਾਪਣਾ ਅਗਾਂਹਵਧੂ ਹੋਣ ਦਾ ਮਖੌਟਾ ਪਹਿਨਣਾ ਹੈ? — ਕਰਨੈਲ ਮਾਨ ਦੀ 'ਇਨਕਲਾਬੀ ਅਕਲ' ਤੇ ਤਰਸ ਆਉਂਦਾ ਹੈ। ਜੇ ਉਸਨੂੰ 'ਵਤਨੋਂ ਦੂਰ' ਪਿਛਾਂਹਖਿੱਚੂ ਬਣਦਾ ਨਜ਼ਰ ਔਂਦਾ ਸੀ ਤਾਂ ਉਸਨੂੰ ਇਸਦੇ ਵਿੱਚ ਰਹਿਕੇ ਸੁਧਾਰ ਕਰਨਾ ਚਾਹੀਦਾ ਸੀ ਨਾ ਕਿ ਅਸਤੀਫ਼ਾ ਦੇਣਾ ਚਾਹੀਦਾ ਸੀ। 'ਵਤਨੋਂ ਦੂਰ' 'ਚੋਂ ਅਸਤੀਫ਼ਾ ਦੇਣ ਤੋਂ ਬਾਅਦ ਪਿਛਲੇ ਤਿੰਨਾਂ ਸਾਲਾਂ ਵਿੱਚ ਉਸਨੇ ਅਗਾਂਹਵਧੂ ਸਾਹਿਤ ਵਿੱਚ ਕਿੰਨਾ ਕੁ ਨਾਂ ਰੌਸ਼ਨ ਕੀਤਾ ਹੈ ਜੋ ਪਹਿਲਾਂ 'ਵਤਨੋਂ ਦੂਰ' ਨੇ ਉਸਦੇ ਸੰਗਲ ਪਾਇਆ ਹੋਇਆ ਸੀ? ਲਗਦਾ ਹੈ ਪਹਿਲੇ ਛੇ ਮਹੀਨੇ ਦੀ ਟਟੀਹਰੀ ਦੇ ਅਸਮਾਨ ਥੰਮਣ ਵਾਂਗ 'ਵਤਨੋਂ ਦੂਰ' ਉਸੇ ਨੇ ਥੰਮਕੇ ਰੱਖਿਆ ਸੀ।

ਪਿਛਲੇ ਅੰਕ ਵਿੱਚ ਸਚਾਈ ਕਾਲਮਾਂ 'ਇੰਝ ਵੀ ਹੁੰਦਾ ਹੈ' ਤੇ 'ਆਪਣੇ ਲੋਕ' ਦੀ ਅਣਹੋਂਦ ਖਟਕਦੀ ਹੈ। 'ਇੰਝ ਵੀ ਹੁੰਦਾ ਹੈ' ਲਈ ਆਪਣੀ ਨਵੀਂ ਮਿੰਨੀ ਕਹਾਣੀ ਭੇਜ ਰਿਹਾ ਹਾਂ।

– ਇੰਦਰੇਸ਼
Student - Blanche Macdonald Acting & Modelling School, VANCOUVER.

ਕੈਨੇਡਾ ਦੇ ਸ਼੍ਰੋਮਣੀ ਪੰਜਾਬੀ ਲੇਖਕ
ਅਤੇ ਪੰਜਾਬੀ-ਸਾਹਿਤ ਦੇ ਸਰਵੋਤਮ ਇਤਿਹਾਸਕ ਨਾਵਲਕਾਰ
ਕੇਸਰ ਸਿੰਘ ਨਾਵਲਿਸਟ ਦਾ
'ਲਹਿਰ ਵਧਦੀ ਗਈ', 'ਜੰਗੀ ਕੈਦੀ', 'ਸ਼ਹੀਦ ਊਧਮ ਸਿੰਘ' ਅਤੇ 'ਬਾਬਾ ਹਰੀ ਸਿੰਘ ਉਸਮਾਨ'
ਤੋਂ ਪਿੱਛੋਂ ਪੰਜਵਾਂ ਨਾਵਲ

## ਮਦਨ ਲਾਲ ਢੀਂਗਰਾ

ਕੈਨੇਡਾ ਦੇ ਉਭਰ ਰਹੇ ਕਵੀ ਤੇ ਕਹਾਣੀਕਾਰ
ਸਾਧੂ
ਦੇ ਕਾਵਿਕ-ਸਫ਼ਰ ਦੀ ਪਹਿਲੀ ਪ੍ਰਭਾਵਸ਼ਾਲੀ ਪ੍ਰਾਪਤੀ,
ਸਮਕਾਲੀ ਸਮੱਸਿਆਵਾਂ ਦਾ ਸਾਰਥਕ ਤੇ ਸਪੱਸ਼ਟ ਕਾਵਿ-ਚਿਤਰਣ

## ਮੌਨੇ ਰੰਗੀ ਸੜਕ

ਸਫ਼ੇ 80 ਕੀਮਤ ਇਕ ਡਾਲਰ ਫ਼ੋਨ 434-6498/437-9014

ਨਵੀਂ ਚੇਤਨਾ ਦੇ ਕਵੀ ਡਾ: ਗੁਰੂਮੇਲ ਦਾ
'ਦੁਬਿਧਾ' ਤੇ 'ਬੇਚੈਨ ਸਦੀ' ਤੋਂ ਪਿੱਛੋਂ ਸੱਜਰਾ ਕਾਵਿ-ਸੰਗ੍ਰਹਿ : ਅਪੈਰੀਆਂ ਵਾਟਾਂ

ਦਰਸ਼ਨ ਗਿੱਲ ਦਾ 'ਰੂਪ ਅਰੂਪ' ਤੇ 'ਜੰਗਲ ਦੀ ਅੱਗ' ਤੋਂ ਪਿੱਛੋਂ ਤੀਜਾ ਕਾਵਿ-ਸੰਗ੍ਰਹਿ:
ਸ਼ਲੀਬ

## FOR ALL KINDS OF REAL ESTATE SERVICES CONTACT

OFFICE
736-3831

RES.
433-3334



**DARSHAN BRAR MA**

Real Estate Board Award Winner

Member Medallion Club & Master Member

**UNITED REALTY LTD.**

3879 Oak St.
Vancouver

---

LICENSED

# RAJA RESTAURANT

*Specializing in:*
BANQUETS & CATERING, PRIVATE HOME-PARTIES
– DINE IN OR TAKE OUT –

**7271 MAIN STREET, VANCOUVER, B.C.**

WINTER HOURS:
Monday to Friday – 4:00 to 10:30 p.m.
Saturday & Sunday – 11:00 to 11:00 p.m.

**FOR PARTY CATERING**
**CONTACT: BALWANT**
**325-5014**

---

## ELITE TAILORS

4213 MAIN STREET
(Between 26th and 27th Ave.)
Phone: 872-2276

MEN'S PANTS – reg. $17.95 to $22.95
SPECIAL $9.95

MEN'S SHIRTS – SPECIAL 3 for $11.00

MEN'S DENIM LEISURE SUITS
Reg. $45.00 – SPECIAL $29.95
Reg. $35.00 – SPECIAL $19.95

25% OFF ON MEN'S
SUITS, LEISURE SUITS, PANTS,
SHIRTS, TIES, AND BELTS

Use your
CHARGEX or MASTERCHARGE
Satisfaction Guaranteed
Alteration for Men and Ladies
Made to Measure Highwaist Pants

---

## RAI CONSTRUCTION LTD.

7196 KNIGHT, VANCOUVER, B.C.

WE DO BASEMENT FINISHING,
ALTERATIONS, ADD A ROOM
OR RENOVATIONS!

Guaranteed Low Rates
For Professional Service
Contact:

ROGER

**321-9711**

**327-1683**

DARSHAN SINGH MANN'S

# TRAVEL WORLD

ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਜਾਣ ਲਈ ਜਾਂ ਆਪਣੇ ਸਨੇਹੀਆਂ ਨੂੰ ਮੰਗਵਾਉਣ ਲਈ ਸਾਨੂੰ ਆ ਕੇ ਦਰਸ਼ਨ ਦਿਉ।

ਅਸੀਂ ਸਾਰੀਆਂ ਏਅਰ ਲਾਈਨਜ਼ ਦੀਆਂ ਟਿਕਟਾਂ ਸਸਤੀਆਂ ਵੇਚਦੇ ਹਾਂ।

ਪਾਸਪੋਰਟ ਤੇ ਵੀਜ਼ਾ ਲੈਣ ਵਿੱਚ ਪੂਰੀ ਮੱਦਦ ਕੀਤੀ ਜਾਂਦੀ ਹੈ।

ਸਾਡੇ ਦਫ਼ਤਰ ਦਿੱਲੀ, ਚੰਡੀਗੜ੍ਹ, ਲੁਧਿਆਣਾ ਅਤੇ ਜਾਲੰਧਰ ਆਦਿ ਸ਼ਹਿਰਾਂ ਵਿੱਚ ਤੁਹਾਡੀ ਸੇਵਾ ਲਈ ਹਾਜ਼ਰ ਹਨ।



# 435-3953

ਦਰਸ਼ਨ ਸਿੰਘ ਮਾਨ

FOR ANY KIND OF

## PHOTOGRAPHY

REMEMBER

OPEN
9:30 a.m.
5:30 p.m.
FRIDAY
9:30 a.m.
7:00 p.m.



PORTRAITS

PASSPORTS

WEDDINGS

# KARTAR
# PHOTO STUDIO

47 KINGSWAY
PHONE 872-0622
872-0623

KARTAR FILMS INTERNATIONAL
IMPORTERS OF E. INDIAN MOVIES AND DISTRIBUTOR TO U.S.A. AND CANADA

SPECIALIST IN ALL KINDS OF PHOTOGRAPHY
WE ALSO SELL CAMERAS AND ACCESSORIES

ਨਿਊ ਸਪਾਈਸਲੈਂਡ

# NEW SPICELAND

4532 Main St. (29 Ave.)
Vancouver, B.C.

Phone:
874-6624

SPECIALIZED IN
EAST INDIAN GROCERIES

QUALITY FOODS, BEST SERVICE, LOWEST PRICES!

FREE DELIVERY

(1) FRESH FIJIAN VEGETABLES SPECIALITY
(2) EVERY WEEK SPECIAL SALE

(1) 5% OFF FOR OVER $50.00 MIXED GROCERY PURCHASE
(2) OUT OF TOWN ORDERS TAKEN

ਫ਼ੋਨ (PHONE): 874-6624/873-2803

FOR ANY KIND OF

## PHOTOGRAPHY

REMEMBER

# SANDEEP
# STUDIO

CALL

HARCHARAN SINGH JHUTEE

435-3634

THINKING OF TRAVEL?
WE CAN SAVE YOU MONEY, TIME AND TROUBLE

GROUPS – CHARTER – EXCURSION
PAY LATER
SPECIAL IMMIGRANT FARES AVAILABLE

# GOYAL TRAVELS

4160 FRASER STREET, VANCOUVER 10, B.C.
PHONE: 872-7656

ASSOCIATE OFFICES:

1. NEAR COURTS, MOGA, PANJAB (INDIA) – PHONE 790
2. NEAR COURTS, JAGRAEN, PANJAB (INDIA) – PHONE 282
3. NEAR COURTS, PHAGWARA, PANJAB (INDIA) – PHONE 2021
4. BHAGAT SINGH CHOWK SADAR BAZZAR BARNALA, PANJAB (INDIA)–PHONE 555

## NEED ANY HELP IN ANY TYPE OF REAL ESTATE CONTACT ANY TIME!

OFF.
872-0131
438-9998
RES.
687-7711
page 3756
OUT OF TOWN
TOLL FREE
112-800-663-3708



## BALWINDER BRAR
## M.Sc.
### MARS REALTY

1437 Kingsway
Vancouver



*Are you looking for*

## Miller's BODY SHOP LTD.

COMPLETE COLLISION REPAIRS

I.C.B.C. CLAIMS – 6 Days a Week Service

OPENS : 8.30 TO 8.00
COURTESY CARS AVAILABLE
LOW RATES
GUARANTEED WORK

Phone: 435-3133
SAM (SEWA) JEERH

(over)

5792 Beresford Street
South Burnaby, B.C.

Here we are :






TRAVEL WITH CONFIDENCE
& PRIDE
EXPERT ON GROUPS
FIJI, INDIA,
HONGKONG

CHARTERS TO U.K.
NOTARY PUBLIC SERVICES
ALSO AVAILABLE

STA

We arrange
passport, Indian,
Canadian (4 day) Canadian
citizenship (4 weeks). Subject to
Canadian legal requirements.

## SAFEWAYS TRAVEL AGENCY

1391 Kingsway 873-5631
Vancouver 873-4011



BUYING OR SELLING HOMES,
COMMERCIAL PROPERTIES,
APARTMENT BLOCKS, FARMS,
LAND, ACREAGE?

*For free and professional advice contact*



## GURBIL S. PURI

MARS REALTY
1437 Kingsway, Vancouver
Phone:
872-0131 / 524-1978

MORTGAGES CAN ALSO BE ARRANGED

ਘਰ ਖ਼ਰੀਦਣ ਜਾਂ ਵੇਚਣ ਲਈ ਹਮੇਸ਼ਾਂ ਯਾਦ ਰੱਖੋ:
ਗੁਰਬੀਰ ਸਿੰਘ ਪੁਰੀ
ਫ਼ੋਨ: 524-1978/ 872-0131

*Your Satisfaction Is Our Pleasure*

# PAMELA INTERNATIONAL TRAVEL

**4877 MAIN STREET, VANCOUVER, B.C. PHONE: 876-2248**

SERVING YOU AT DIFFERENT LOCATIONS:
DELHI, BANGKOK, HONG KONG & LOS ANGELES

SPECIALIZE IN FARES TO
INDIA, LONDON, HONG KONG, TOKYO, FIJI, SINGAPORE, BANGKOK

**SPECIAL EXCURSION FARES TO INDIA**

ਲੰਡਨ ਜਾਂ ਹਾਂਗਕਾਂਗ ਰਾਹੀਂ 4 ਮਹੀਨੇ ਲਈ ਆਉਣ ਜਾਣ ਦਾ ਸਪੈਸ਼ਲ ਕਿਰਾਇਆ; ਫੋਨ ਕਰੋ!

**FOR ALL YOUR TRAVEL NEEDS**
**CONTACT**

**PAMTRAVEL — 876-2248**

---

# *Two Big Stores To Serve You In Vancouver and North Vancouver*

We carry all kinds of East Indian groceries, records, cassettes, 8-tracks, and cooking utensils

FRESH VEGETABLES FROM FIJI EVERY WEEK!

*For your entertainment we show movies in the Rio Theatre on Friday, Saturday and Sunday* 871-1412

PHONE OUR FRIENDLY STAFF

**AMBIKA ENT. LTD.**
**5139 Victoria Dr.**
**Vancouver**

**Ph. 327-0295**

**LONSDALE FOODS**
**1210 Lonsdale Ave.**
**North Vancouver**

**Ph. 985-5411**



For best variety, top quality and low prices, visit

**DIVENA**

**TRADING LTD.**

The oldest store in Vancouver
wholesale & retail

SPECIALIST IN

**Indian and Japanese all kinds of printed silk and embroidered sarees, wedding suits, silk suits, dupattas, pure woolen sweaters and yard goods.**

ALSO

**Top quality shirts [Men], pullovers, cardigans, children's wear from England.**

**Sport shirts, T shirts, embroidered shirts from Hong Kong are items of special interest.**

6642 MAIN STREET VANCOUVER, B.C. V5X 3H2

324-7654
324-7655

ਡੀਵੇਨਾ ਟਰੇਡਿੰਗ ਲਿਮਿਟਡ 6642 ਮੇਨ


WATNO DUR (Far from the Motherland) is a literary and cultural monthly of PANJABI language — the mother-tongue of East Panjab (India) and West Panjab (Pakistan) — published by WATNO DUR PUBLICATIONS (Reg'd). WATNO DUR has been serving Canadian readers since July, 1973. The contributors include well-known Panjabi writers from Canada, India, Pakistan and England.